# ਵਰਿਆਮ

ਫਰਵਰੀ-ਮਾਰਚ 1987



ਸਤਿਗੁਰ ਰਾਮ ਸਿੰਘ ਅੰਕ

Sri Satguru Jagjit Singh Ji eLibrary NamdhariElibrary@gmail.com

https://archive.org/details/namdhari

Sri Satguru Jagjit Singh Ji eLibrary NamdhariElibrary@gmail.com



ਸ੍ਰੀ ਸਤਿਗੁਰੂ ਰਾਮ ਸਿੰਘ ਜੀ



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ ਫਰਵਰੀ-ਮਾਰਚ--੧੯੮੩

ਜਿਲਦ ੧੨ ਅੰਕ : ੪-੫

# ਇਹ ਅੰਕ

ਇਹ ਅੰਕ ਸਤਿਗੁਰੂ ਰਾਮ ਸਿੰਘ ਜੀ ਦੀ ਪਾਵਨ ਯਾਦ ਵਿਚ ਕਢਿਆ ਜਾ ਰਿਹਾ ਹੈ। ਸਤਿਗੁਰੂ ਰਾਮ ਸਿੰਘ ਜੀ ਦੀ ਨਿਜੀ ਸ਼ਖ਼ਸੀਅਤ ਅਤੇ ਕਰਮ ਖੇਤਰ ਏਡਾ ਵਿਸ਼ਾਲ ਹੈ ਕਿ ਕਿਸੇ ਦੀ ਕਲਮੀ ਜਤਨ ਉਹਨਾਂ ਦਾ ਪੂਰਾ ਮੁਲਾਂਕਣ ਨਹੀਂ ਕਰ ਸਕਦਾ। ਲੋਕ ਮਨਾਂ ਦੇ ਅੰਦਰ ਜੋ ਤਸਵੀਰ ਸਤਿਗੁਰੂ ਰਾਮ ਸਿੰਘ ਦੀ ਘਰ ਕਰ ਚੁੱਕੀ ਹੈ ਉਹ ਪੀੜ੍ਹੀ ਦਰ ਪੀੜ੍ਹੀ ਜਿਉਂ ਦੀ ਤਿਉਂ ਕਾਇਮ ਹੈ। ਇਕ ਬੰਦੀ ਛੋੜ ਦੀ। ਸਭ ਪ੍ਰਕਾਰ ਦੀ ਗੁਲਾਮੀ ਤੋਂ ਆਜ਼ਾਦ ਕਰਾਉਣ ਵਾਲੇ ਦੀ। ਮਨ ਦੇ ਵਿਕਾਰਾਂ, ਸਰੀਰਕ ਦੁਖਾਂ ਅਤੇ ਰਾਜਸੀ ਗੁਲਾਮੀ ਤੋਂ ਮੁਕਤ ਕਰਵਾਉਣ ਵਾਲੇ ਦੀ। ਇਸ ਦੇ ਨਾਲ ਇਕ ਦ੍ਰਿੜ ਆਤਮ-ਸੰਜਮੀ ਮਰਯਾਦਾ-ਪਰਸ਼ੋਤਮ ਦੀ, ਕਲਿਜੁਗ ਵਿਚ ਸਤਿਜੁਗ ਲਿਆਉਣ ਵਾਲੇ ਦੀ। ਸਚਾ ਪਾਤਸ਼ਾਹ ਸਤਿਗੁਰੂ ਚੀਨੀ ਵਾਲਾ, ਬਾਬਾ ਅਤੇ ਹੋਰ ਬਹੁਤੀਆਂ ਵਿਸ਼ੇਸ਼ਣਾਂ ਨਾਲ ਜਾਣੀ ਜਾਂਦੀ ਇਹ ਸ਼ਖ਼ਸੀਅਤ ਲੋਕ ਮਨਾਂ ਵਿਚ ਪਵਿੱਤਰਤਾ, ਸਰਵੱਗਤਾ, ਸੰਘਰਸ਼, ਕੁਰਬਾਨੀ, ਨਿਰਭੈਤਾ, ਉਚੇ ਚਰਿੱਤਰ, ਨਿਰਮਾਨਤਾ, ਜਾਗ੍ਰਤੀ, ਉਜਲਤਾ, ਸਾਦਗੀ ਅਤੇ ਆਤਮ ਨਿਰਭਰਤਾ ਦਾ ਸੰਚਾਰ ਕਰਦੀ ਹੈ। ਇਕ ਦੈਵੀ ਰੌਸ਼ਨੀ ਦਾ ਪ੍ਰਕਾਸ਼ ਕਰਦੀ ਹੈ।

ਉਹਨਾਂ ਦੇ ਜੀਵਨ-ਇਤਿਹਾਸ ਬਾਰੇ ਕਈ ਵਾਰ ਪੜ੍ਹਿਆ ਸੁਣਿਆ ਗਿਆ ਹੈ ਪਰ ਨਿਤ ਨਵੀਆਂ ਖੋਜਾਂ ਇਸ ਮਹਾਂ ਚਾਨਣ ਦਾ ਹੋਰ ਤੋਂ ਹੋਰ ਪਸਾਰ ਹੀ ਕਰ ਰਹੀਆਂ ਹਨ। ਸਤਿਗੁਰੂ ਰਾਮ ਸਿੰਘ ਜੀ ਦੀ ਦਿਵ ਸ਼ਖ਼ਸੀਅਤ ਕਿਸੇ ਪੁਸਤਕ, ਕਿਸੇ ਅੰਕ, ਕਿਸੇ ਲੇਖ ਜਾਂ ਭਾਸ਼ਨ ਦੀ ਪਕੜ ਤੋਂ ਬਾਹਰ ਹੈ।

ਪਿਛਲੇ ਸਾਲਾਂ ਤੋਂ ਨਾਮਧਾਰੀ ਦਰਬਾਰ ਵਲੋਂ ਛਾਪੀਆਂ ਪੁਸਤਕਾਂ ਅਤੇ ਅਖ਼ਬਾਰਾਂ ਵਲੋਂ ਅਤੇ ਹੋਰ ਵਿਦਵਾਨਾਂ ਵਲੋਂ ਸਤਿਗੁਰੂ ਰਾਮ ਸਿੰਘ ਜੀ ਜਿਹੇ ਤੇਜਸਵੀ ਸੂਰਜ ਦੀਆਂ ਕਿਰਨਾਂ ਨੂੰ ਹਨੇਰਿਆਂ ਮਨਾਂ ਤਕ ਪਹੁੰਚਾਣ ਦੇ ਸਾਰਥਕ ਜਤਨ ਹੋਏ ਹਨ ਪਰ ਇਹ ਕਿਰਨਾਂ ਦਾ ਪਸਾਰਾ ਅਮੁੱਕ ਹੈ।

ਵਰਿਆਮ ਦੇ ਇਸ ਨਿਮਾਣੇ ਤੇ ਊਣੇ ਜਿਹੇ ਜਤਨ ਵਿਚ ਵੱਖ ਵੱਖ ਜਤਨਾਂ ਵਿਚੋਂ ਕੁਝ ਕੁ ਨੂੰ ਮੁੜ ਪ੍ਰਕਾਸ਼ਮਾਨ ਕਰਨਾ ਹੈ। ਇਸ ਵਿਚ ਇਕ ਜਤਨ ਤਾਂ ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਦੇ ਪੂਰੇ ਦੇ ਪੂਰੇ ਅਠਾਈ ਕਬਿੱਤ ਛਾਪਣਾ ਹੈ। ਸ: ਗੁਰਬਖ਼ਸ਼ ਸਿੰਘ ਪ੍ਰੀਤਲੜੀ ਜੈਸੇ ਸਾਹਿਤਕਾਰ ਦੀ ਕਲਮ ਤੋਂ ਵਿਸ਼ੇਸ਼ ਸ਼ੈਲੀ ਵਿਚ ਇਕ ਪੁਰਾਣਾ ਲੇਖ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਆਪਣੀ ਕਲਮ ਤੋਂ ਕੁਝ ਟੂਕਾਂ ਵੀ ਸ਼ਾਮਲ ਹਨ।

ਨਾਮਧਾਰੀ ਇਤਿਹਾਸ ਨਾਲ ਸੰਬੰਧਤ ਘਟਨਾਵਾਂ ਬਾਰੇ ਵੱਖ ਵੱਖ ਲੇਖਕ ਅਕਸਰ ਫ਼ਰਕ ਪਾ ਜਾਂਦੇ ਹਨ। ਗਊ ਹੱਤਿਆ ਦੇ ਮਾਮਲੇ ਵਿਚ, ਕੂਕਿਆਂ ਨੂੰ ਤੋਪਾਂ ਨਾਲ ਬੰਨ੍ਹ ਕੇ ਉਡਾਣਾ ਲਿਖਣਾ, ਅਤੇ ਉਡਾਇਆਂ ਦੀ ਗਿਣਤੀ ਵਿਚ ਅੰਤਰ ਹੋਣਾ ਇਹ ਆਮ ਵੇਖਣ ਵਿਚ ਆਉਂਦਾ ਹੈ। ਸਭ ਤੋਂ ਵੱਡੀ ਗੱਲ ਸੰਨ ੧੮੮੫ ਵਿਚ ਸਤਿਗੁਰੂ ਜੀ ਦੇ ਦੇਹਾਂਤ ਬਾਰੇ ਸਰਕਾਰ ਵਲੋਂ ਉਡਾਈ ਖ਼ਬਰ ਹੈ ਜਿਸਨੂੰ ਨਾਮਧਾਰੀ ਦਰਬਾਰ ਬਾਰ ਬਾਰ ਝੁਠਲਾ ਚੁੱਕਾ ਹੈ। ਪਰ ਇਸੇ ਅੰਕ ਵਿਚ ਆਏ ਲੇਖਕਾਂ ਦੇ ਕਈ ਇਤਿਹਾਸਕ ਤੱਥਾਂ ਨਾਲ ਅਸਹਿਮਤ ਹੁੰਦਿਆਂ ਹੋਇਆਂ ਵੀ ਜੂੰ ਦਾ ਤੂੰ ਛਾਪ ਦਿੱਤਾ ਹੈ। ਕਾਰਨ ਇਹ ਹੈ ਕਿ ਇਹਨਾਂ ਕੁਝ ਤਰੁਟੀਆਂ ਦੇ ਬਾਵਜੂਦ ਸਤਿਗੁਰੂ ਜੀ ਦੀ ਮਹਾਨ ਸ਼ਖ਼ਸੀਅਤ ਦੀ ਪੇਸ਼ਕਾਰੀ ਜ਼ੋਰਦਾਰ ਢੰਗ ਨਾਲ ਕਰਨ ਦਾ ਜਤਨ ਕੀਤਾ ਗਿਆ ਹੈ। ਵਰਿਆਮ 'ਚ ਮੁੜ ਪ੍ਰਕਾਸ਼ਤ ਹੋਣ ਨਾਲ ਕਾਫ਼ੀ ਸਾਰਾ ਇਤਿਹਾਸਕ ਮੈਟਰ ਸੁਰੱਖਿਅਤ ਹੋ ਗਿਆ ਹੈ। ਬਸ ਇਹ ਹੀ ਸਾਡਾ ਜਤਨ ਹੈ। ਸੁਵਿਧਾ ਅਤੇ ਸਮਾਂ ਪ੍ਰਾਪਤ ਹੋਏ ਤਾਂ ਬਾਰੀਕੀ ਅਤੇ ਹੋਰ ਵਿਸਥਾਰ ਨਾਲ ਇਸ ਜੁਗ ਦੀ ਇਸ ਮਹਾਨ ਪਰ ਅਣਗੌਲੀ ਹਸਤੀ ਬਾਰੇ ਚਰਚਾ ਕੀਤੀ ਜਾਵੇਗੀ।

—ਜਗਦੀਸ਼ ਸਿੰਘ

# ਠਾਕਰ ਸ਼ਮਸ਼ੇਰ ਸਿੰਘ ਜੀ

ਇਕ ਬਹੁਤ ਪਿਆਰੀ ਸ਼ਖ਼ਸੀਅਤ ਠਾਕਰ ਸ਼ਮਸ਼ੇਰ ਸਿੰਘ ਜੀ ਸਾਥੋਂ ਸਦਾ ਲਈ ਜੁਦਾ ਹੋ ਗਏ ਹਨ। ਸਤਿਗੁਰੂ ਹਰੀ ਸਿੰਘ ਜੀ ਦੇ ਪੋਤਰੇ, ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਦੇ ਵਡੇ ਸਪੁੱਤਰ, ਠਾਕਰ ਸ਼ਮਸ਼ੇਰ ਸਿੰਘ ਬਹੁਤ ਨਿਰਮਾਣ ਵਿਅਕਤੀ ਸਨ। ਆਪ ਉਮਰ ਵਿਚ ਭਾਵੇਂ ਸਤਿਗੁਰੂ ਜਗਜੀਤ ਸਿੰਘ ਜੀ ਨਾਲੋਂ ਕੁਝ ਸਾਲ ਵਡੇ ਸਨ ਅਤੇ ਉਹਨਾਂ ਦੇ



Sri Satguru Jagjit Singh Ji eLibrary NamdhariElibrary@gmail.com

ਚਰੰਤੇ ਭਾਈ ਨਨ ਪਤ ਸਦਾ ਹੀ ਠਾਕਰ ਜੀ ਨੇ ਸਤਿਗੁਰੂ ਜੀ ਨੂੰ ਸਰਵ ਉੱਚ ਰਖਿਆ ਅਤੇ ਸਭੇ ਪਾਤਸ਼ਾਹ ਵਿਸ਼ੇਸ਼ਣ ਨਾਲ ਹੀ ਸੰਬੋਧਨ ਕਰਦੇ ਰਹੇ। ਕਸਟਮ ਆਫੀਸਰ ਦੀ ਨੌਕਰੀ ਕਰਦਿਆਂ ਹੋਇਆਂ ਵੀ ਆਪ ਨੇ ਸੱਚੀ ਸੁੱਚੀ ਕਿਰਤ ਨਾਲ ਸਚ ਅਤੇ ਧਰਮ ਨੂੰ ਪਲੇ ਬੰਨ੍ਹੀ ਰਖਿਆ। ਇਥੋਂ ਤਕ ਕਿ ਉਹਨਾਂ ਨੇ ਆਪਣੀ ਸਪੁਤਰੀ ਵਾਸਤੇ ਵੀ ਕੋਈ ਸਿਫਾਰਸ਼ ਕਰਨ ਕਰਾਉਣ ਦੀ ਗਲ ਨਹੀਂ ਕੀਤੀ। ਇਕ ਬਹੁਤ ਉਚੇ ਕਿਰਦਾਰ ਦੀ ਮਿਸਾਲ ਠਾਕਰ ਸ਼ਮਸ਼ੇਰ ਸਿੰਘ ਜੀ ਸਨ। ੨੯ ਫਰਵਰੀ ਰਾਤ ੯.੩੦ ਵਜੇ ਆਪਣੇ ਨਿਵਾਸ ੭੯-ਆਰ ਗਰੇਟਰ ਕੈਲਾਸ਼ ਦਿਲੀ ਵਿਖੇ ਉਹ ਸਹਿਜ ਭਾ ਹੀ ਪ੍ਰਾਣ ਤਿਆਗ ਗਏ। ਉਹਨਾਂ ਦੇ ਸਸਕਾਰ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪ ਸ਼ਾਮਲ ਹੋਏ। ੮ ਮਾਰਚ ਐਤਵਾਰ ਨੂੰ ਉਹਨਾਂ ਦੀ ਯਾਦ ਵਿਚ ਇਕ ਮੇਲਾ ਉਹਨਾਂ ਦੇ ਨਿਵਾਸ ਦੇ ਬਾਹਰ ਹੀ ਪਾਰਕ ਵਿਚ ਹੋਇਆ। ਅੰਮ੍ਰਿਤ ਵੇਲੇ ਤੋਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਸਾ ਦੀ ਵਾਰ ਦਾ ਕੀਰਤਨ ਹੋਇਆ। ਜਥੇਦਾਰ ਗੁਰਦੀਪ ਸਿੰਘ, ਜਥੇਦਾਰ ਸੇਵਾ ਸਿੰਘ ਅਤੇ ਪੰਡਿਤ ਕੌਰਪਾਲ ਸਿੰਘ ਜੀ ਨੇ ਦੀਵਾਨ ਲਾ ਕੇ ਠਾਕਰ ਜੀ ਦੇ ਜੀਵਨ ਤੇ ਰੌਸ਼ਨੀ ਪਾਈ। ਨਾਮਸਿਮਰਨ ਅਤੇ ਹਜ਼ੂਰੀ ਰਾਗੀਆਂ ਸੰਤ ਕਲਿਆਣ ਸਿੰਘ, ਹਰਬੰਸ ਸਿੰਘ, ਹਰਭਜਨ ਸਿੰਘ, ਬਲਜੀਤ ਸਿੰਘ, ਮੋਹਨ ਸਿੰਘ ਸੁਖਦੇਵ ਸਿੰਘ ਜੀ ਨੇ ਕੀਰਤਨ ਕੀਤਾ ਉਪਰੰਤ ਸ਼ਰਧਾਂਜਲੀਆਂ ਪੇਸ਼ ਕੀਤੀਆਂ ਗਈਆਂ। ਸਰਵ ਸ੍ਰੀ ਪ੍ਰੀਤਮ ਸਿੰਘ ਕਵੀ, ਜਗਦੀਸ਼ ਸਿੰਘ 'ਵਰਿਆਮ', ਸ: ਹਰਵਿੰਦਰ ਸਿੰਘ ਹੰਸਪਾਲ ਐਮ. ਪੀ. ਕੇਂਦਰੀ ਮੰਤਰੀ ਸ: ਗੁਰਦਿਆਲ ਸਿੰਘ ਢਿਲੋਂ ਨੇ ਠਾਕਰ ਜੀ ਦੇ ਵਖ ਵਖ ਪਹਿਲੂਆਂ ਤੇ ਆਪਣੇ ਵਿਚਾਰ ਪੇਸ਼ ਕੀਤੇ। ਅੰਤ ਉਤੇ ਸਤਿਗੁਰੂ ਜੀ ਨੇ ਆਪਣੇ ਭਾਸ਼ਣ ਵਿਚ ਠਾਕਰ ਜੀ ਨਾਲ ਬਚਪਨ ਦੀਆਂ ਯਾਦਾਂ ਦੀ ਸਾਂਝੀਆਂ ਕੀਤੀਆਂ ਅਤੇ ਸੰਗਤ ਨੂੰ ਗਿਆਨ ਉਪਦੇਸ਼ ਵੀ ਦਿਤਾ। ਠਾਕਰ ਜੀ ਦੇ ਗੁਣ ਸੁਭਾਵ ਵਿਚ ਨਿਰਮਾਨਤਾ ਨੂੰ ਗੁਰਬਾਣੀ ਦੀਆਂ ਇਹਨਾਂ ਤੁਕਾਂ ਰਾਹੀਂ ਮੂਰਤੀਮਾਨ ਕੀਤਾ।

ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ
ਗੁਰਮੁਖਿ ਨਿਮਾਣਾ ਹੋਹੁ

... ... ...

ਸਤਿਗੁਰ ਕੈ ਭਾਣੈ ਕਰਹਿ ਕਾਰ
ਸਤਿਗੁਰ ਕੈ ਭਾਣੈ ਲਾਗਿ ਰਹੁ.
ਇਵ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ
ਮਨ ਨਿਮਾਣਾ ਹੋਇ ਰਹੁ

ਆਪਣਾ ਪ੍ਰਵਚਨ ਇਹਨਾਂ ਤੁਕਾਂ ਨਾਲ ਸਮਾਪਤ ਕੀਤਾ।

ਰਾਚਾ ਰੰਗਹੁ ਇਆ ਮਨੁ ਅਪਨਾ ॥
ਹਰਿ ਹਰਿ ਨਾਮੁ ਜਪਹੁ ਜਪੁ ਰਸਨਾ ॥
ਤੈ ਤੇ ਦਰਗਹ ਕਹੈ ਨ ਕੋਊ ॥
ਆਉ ਬੈਠੁ ਆਦਰੁ ਸੁਭ ਦੇਊ

... ... ...

ਅੰਤ ਉਤੇ ਪਾਠ ਦਾ ਭੋਗ ਪਾਇਆ ਗਿਆ ਅਤੇ ਅਤੁਟ ਲੰਗਰ ਵਰਤਿਆ। ਇਸ ਸਮੇਂ ਸ੍ਰੀ ਮਹਾਰਾਜ ਬੀਰ ਸਿੰਘ ਜੀ, ਉਸਤਾਦ ਅਮਜਦ ਅਲੀ ਸਰੋਦ ਸਮਰਾਟ, ਸ: ਬੂਟਾ ਸਿੰਘ ਕੇਂਦਰੀ ਗ੍ਰਹਿ ਮੰਤਰੀ, ਡਾ: ਮੂਸਾ, ਡਾ: ਦਨੇਸ਼, ਡਾ: ਵਾਲੀ ਤੇ ਡਾ: ਸਈਦੀ, ਮਾਸਟਰ ਨਿਹਾਲ ਸਿੰਘ ਜੀ, ਡਾ: ਅਮਰ ਜਾਗਤੀ, ਸੰਤ ਦਲੀਪ ਸਿੰਘ ਲੁਧਿਆਣਾ, ਮਾਸਟਰ ਅਮਰੀਕ ਸਿੰਘ ਆਦਿ ਸਹਿਤ ਦੂਰੋਂ ਨੇੜਿਓਂ ਹਜ਼ਾਰਾਂ ਸੰਗਤਾਂ ਹਾਜ਼ਰ ਸਨ। ਠਾਕਰ ਬਿਸ਼ੰਭਰ ਸਿੰਘ, ਠਾਕਰ ਦਲੀਪ ਸਿੰਘ, ਠਾਕਰ ਉਦੇ ਸਿੰਘ ਆਦਿ ਭਰਾਤ ਵੀ ਪਰਬੰਧ ਵਿਚ ਜੁੜੇ ਹੋਏ ਸਨ। ★

---

## ਵਰਿਆਮ ਨੂੰ ਸਹਿਯੋਗ

—ਸ: ਸਵਰਨ ਸਿੰਘ ਭੱਟੀ ਸਾਹਿਬਾਬਾਦ ਦੇ ਸਪੁਤਰ ਅਵਤਾਰ ਸਿੰਘ ਭੱਟੀ ਦਾ ਸ਼ੁਭ ਅਨੰਦ ਕਾਰਜ ਸੁਜਾਨਗੜ੍ਹ ਨਿਵਾਸੀ ਸ: ਤਾਰਾ ਸਿੰਘ ਦੀ ਸਪੁਤਰੀ ਬੀਬੀ ਦਵਿੰਦਰ ਕੌਰ ਨਾਲ ਹੋਇਆ। ਇਸ ਖੁਸ਼ੀ ਵਿਚ ਇਕੱਤੀ ਰੁਪਏ ਵਰਿਆਮ ਲਈ ਸ: ਸਵਰਨ ਸਿੰਘ ਜੀ ਨੇ ਭੇਜੇ ਹਨ।

—ਕਲਕੱਤਾ ਅਲਮੋਨੀਅਮ ਵਰਕਸ ਵਾਰਾਨਸੀ ਦੇ ਸ: ਸਹਿਜਾ ਸਿੰਘ ਜੋ ਬਨਾਰਸ ਵਿਚ ਚੜ੍ਹਾਈ ਕਰ ਗਏ ਸਨ। ਉਹਨਾਂ ਦੇ ਨਮਿਤ ਪਾਠ ਦੇ ਭੋਗ ਸਮੇਂ ਉਹਨਾਂ ਦੇ ਸਪੁਤਰਾਂ ਸ: ਮਨਜੀਤ ਸਿੰਘ, ਸ: ਜਸਵੰਤ ਸਿੰਘ, ਸ: ਸਰਵੰਤ ਸਿੰਘ ਅਤੇ ਸਮੂਹ ਪਰਿਵਾਰ ਵਲੋਂ ਵਰਿਆਮ ਵਾਸਤੇ ੨੫੦/- ਰੁਪਏ ਸਹਾਇਤਾ ਭੇਜੀ ਗਈ।

—ਠੇਕੇਦਾਰ ਗੁਰਬਚਨ ਸਿੰਘ ਰਾਜੌਰੀ ਗਾਰਡਨ ਦਿੱਲੀ ਵਾਲਿਆਂ ਦੇ ਘਰ ਵਰਨੀ ਅਤੇ ਹੋਰ ਧਾਰਮਕ ਸਮਾਗਮ ਹੋਇਆ। ਇਸ ਸਮੇਂ ਵਰਿਆਮ ਵਾਸਤੇ ਇਕ ਸੌ ਰੁਪਏ ਸਹਿਯੋਗ ਭੇਜਿਆ ਗਿਆ।



Sri Satguru Jagjit Singh Ji eLibrary NamdhariElibrary@gmail.com

—ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਵਰਿਆਮ ਨੂੰ ਆਪਣਾ ਕਲਮੀ ਸਹਿਯੋਗ ਦੇਣ ਦੇ ਨਾਲ ਪੰਜਾਹ ਰੁਪਏ ਸਹਾਇਤਾ ਵਜੋਂ ਭੇਜਦੇ ਹਨ।

—ਸ: ਮਹਿੰਦਰ ਸਿੰਘ (ਸਪੁੱਤਰ ਸੰਤ ਸਵਰਨ ਸਿੰਘ ਸੋਧੀ) ਰੂਪ ਨਗਰ ਦਿੱਲੀ ਦੇ ਸਪੁੱਤਰ ਸੁਰਿੰਦਰ ਸਿੰਘ ਦਾ ਅਨੰਦ ਕਾਰਜ ਸੰਤ ਪੂਰਨ ਸਿੰਘ ਡੇਹਰੀਵਾਲੇ ਦੀ ਸਪੁੱਤਰੀ ਨਾਲ ਨਾਮਧਾਰੀ ਧਰਮਸਾਲਾ ਨਵੀਂ ਦਿੱਲੀ ਵਿਖੇ ਹੋਇਆ। ਸ: ਮਹਿੰਦਰ ਸਿੰਘ ਜੀ ਵਲੋਂ ੨੦/- ਰੁ: ਵਰਿਆਮ ਨੂੰ ਸਹਾਇਤਾ ਪੁੱਜੀ ਹੈ।

—ਜਥੇਦਾਰ ਹਜ਼ਾਰਾ ਸਿੰਘ ਲਖਨਊ, ਜਿਨ੍ਹਾਂ ਦੇ ਸਪੁੱਤਰ ਲਖਨਊ ਵਿਚ ਪ੍ਰਤਾਪ ਇਲੈਕਟ੍ਰੀਕਲ ਦੇ ਨਾਮ ਤੇ ਕਾਰੋਬਾਰ ਕਰਦੇ ਹਨ ਪੰਦਰਾਂ ਰੁਪਏ ਵਰਿਆਮ ਨੂੰ ਸਹਿਯੋਗ ਭੇਜਦੇ ਹਨ ਬਦਸਤ ਸੰਤ ਸਤਿਨਾਮ ਸਿੰਘ ਜੀ ਦਿੱਲੀ। ਧੰਨਵਾਦ।

—ਮੈਨੇਜਰ ਵਰਿਆਮ

## 'ਵਰਿਆਮ' ਦੀ ਮਲਕੀਅਤ ਤੇ ਹੋਰ ਵੇਰਵੇ ਸਬੰਧੀ ਬਿਆਨ

| | |
|---|---|
| ੧. ਪ੍ਰਕਾਸ਼ਨ ਸਥਾਨ | ਜਲੰਧਰ |
| ੨. ਪ੍ਰਕਾਸ਼ਨ-ਕਾਲ | ਮਾਸਕ |
| ੩. ਛਾਪਕ ਦਾ ਨਾਮ | ਜਗਦੀਸ਼ ਸਿੰਘ |
| ਨਾਗਰਿਕਤਾ | ਭਾਰਤੀ |
| ੪. ਪ੍ਰਕਾਸ਼ਕ ਦਾ ਨਾਮ | ਜਗਦੀਸ਼ ਸਿੰਘ |
| ਨਾਗਰਿਕਤਾ | ਭਾਰਤੀ |
| ੫. ਸੰਪਾਦਕ ਦਾ ਨਾਮ | ਜਗਦੀਸ਼ ਸਿੰਘ |
| ਨਾਗਰਿਕਤਾ | ਭਾਰਤੀ |
| ੬. ਉਹਨਾਂ ਵਿਅਕਤੀਆਂ ਦੇ ਨਾਮ ਤੇ ਪਤੇ ਜੋ ਸਮਾਚਾਰ ਪੱਤਰ ਦੇ ਮਾਲਕ ਹੋਣ ਅਤੇ ਸਾਰੀ ਪੂੰਜੀ ਦੇ ਇਕ ਪ੍ਰਤੀਸ਼ਤ ਤੋਂ ਵਧ ਦੇ ਭਾਈਵਾਲ ਜਾਂ ਜ਼ਿੰਮੇਦਾਰ ਹੋਣ | ਜਗਦੀਸ਼ ਸਿੰਘ |

ਮੈਂ ਜਗਦੀਸ਼ ਸਿੰਘ ਐਲਾਨ ਕਰਦਾ ਹਾਂ ਕਿ ਮੇਰੀ ਵਧ ਤੋਂ ਵਧ ਜਾਣਕਾਰੀ ਅਤੇ ਵਿਸ਼ਵਾਸ ਦੇ ਅਨੁਸਾਰ ਉਪਰ ਦਿੱਤੇ ਗਏ ਵੇਰਵੇ ਸੱਚ ਹਨ।

(ਸਹੀ) ਜਗਦੀਸ਼ ਸਿੰਘ

ਮਿਤੀ ੨੮-੨-੮੭

## ਵਰਿਆਮ ਦੇ ਦਰ

ਇਕ ਅੰਕ— ੫-੦੦ ਰੁਪਏ

| | |
|---|---|
| ਇਕ ਪ੍ਰਤੀ | ੨-੫੦ ਰੁਪਏ |
| ਸਾਲਾਨਾ ਚੰਦਾ | ੨੫-੦੦ ਰੁਪਏ |
| ਤਿੰਨ ਸਾਲ ਵਾਸਤੇ | ੬੫-੦੦ ,, |
| ਪੰਜ ਸਾਲ ਵਾਸਤੇ | ੧੦੦-੦੦ ,, |
| ਲਾਈਫ ਮੈਂਬਰ | ੩੦੦-੦੦ ,, |

### ਵਿਦੇਸ਼ ਸਾਲਾਨਾ

| | | |
|---|---|---|
| ਥਾਈਲੈਂਡ : | ਹਵਾਈ ਡਾਕ | ੨੦੦-੦੦ ,, |
| | ਸਮੁੰਦਰੀ | ੬੦-੦੦ ,, |
| ਅਰਬ-ਅਫਰੀਕਾ ਤੇ ਯੂਰਪ | ਹਵਾਈ ਡਾਕ | ੨੫੦-੦੦ ,, |
| | ਸਮੁੰਦਰੀ | ੭੫-੦੦ ,, |
| ਅਮਰੀਕਾ : ਕਨੇਡਾ : | ਹਵਾਈ ਡਾਕ | ੩੦੦-੦੦ ,, |
| | ਸਮੁੰਦਰੀ ਡਾਕ | ੭੫-੦੦ ,, |

| | |
|---|---|
| ਦਫਤਰ ਦਾ ਪਤਾ : | Office Address |
| ਮਾਸਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| (ਨੇੜੇ ਮਦਨ ਫਲੌਰ ਮਿਲ) | Ladowali Road |
| ਜਲੰਧਰ-੧੪੪੦੦੧ | (Near Madan Flour Mill |
| ਫੋਨ : ੭੧੨੦੪ ਪੀ. ਪੀ. | Jalandhar-144001 |
| | Phone : 71204 PP |
| ਫੋਨ : ੭੭੩੫੬ ਪੀ.ਪੀ. | 77356 PP |

### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩/੧-੭੭-ਔਡੀਟਰਬ, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛੱਪੇ ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



Sri Satguru Jagjit Singh Ji eLibrary NamdhariElibrary@gmail.com

## ਚਾਦਰ ਵਹੂਣੀ ਹਿੰਦ

—ਸੁਰਜੀਤ ਸਿੰਘ ਖੁਰਸ਼ੀਦੀ

ਔਰੰਗਜ਼ੇਬ ਨੂੰ ਮੋਇਆਂ
ਮੁੱਦਤਾਂ ਬੀਤ ਗਈਆਂ
ਉਹ ਚੋਟੀ ਅਤੇ ਜਨਿਊ
ਜ਼ੋਰੀਂ ਉਤਰਵਾਂਦਾ ਉਤਰਵਾਂਦਾ
ਚੱਲ ਵਸਿਆ ਵੰਸ ਦਾ ਬੇੜਾ ਡੁਬਾਂਦਾ
ਮਹਾਨ ਗੁਰੂ ਅਤੇ ਸਰਮਦ ਫ਼ਕੀਰ
ਉਸਦੇ ਜ਼ੁਲਮ ਦਾ ਖਾਜਾ ਬਣੇ
ਪਰ ਕਿਥੇ ਹੈ ਔਰੰਗਜ਼ੇਬ
ਸ਼ਾਇਦ ਕੋਈ ਮਜਾਵਰ ਵੀ ਨਾ ਹੋਵੇ
ਉਸ ਦੀ ਕਬਰ ਤੇ ਬੈਠਾ, ਭੁੱਖੋਂ ਮਰਦਾ
ਪਰ ਓਥੇ ਮੇਲੇ ਲਗਦੇ ਰੋਜ਼ ਰੋਜ਼
ਜਿਥੇ ਸ਼ਹੀਦ ਹੋਏ ਸੱਚੇ ਪਾਤਸ਼ਾਹ
ਅਤੇ ਸਰਮਦ ਵਰਗੇ ਸੂਫ਼ੀ ਫ਼ਕੀਰ
ਲੰਗਰ ਚਲਦੇ, ਚੌਰ ਝੁਲਦੇ ਰੋਜ਼ਰੋਜ਼
ਪਰ ਅੱਜ ਇਹ ਕੀ ਭਾਣਾ ਵਰਤਿਆ
ਔਰੰਗਜ਼ੇਬ ਤਾਂ ਦੇਖ
ਹਰ ਰਾਹ ਤੇ ਹੈ ਖਲੋਤਾ ਹੋਇਆ
ਇਹ ਅੱਜ ਜਨਿਊ ਤੇ ਚੋਟੀ ਨਹੀਂ ਲਾਂਹਦਾ
ਚੋਟੀ ਵਾਲੇ ਸਿਰ ਨੂੰ ਹੀ ਲਾਹ ਛਡਦਾ ਹੈ
ਕਿ ਮੁੱਕੇ ਘਰੇ ਸਿਆਪਾ
ਨਾ ਰਹੇ ਬਾਂਸ ਨਾ ਵੱਜੇ ਬੰਸਰੀ
ਚਾਦਰ ਵਹੂਣੀ ਜਾਪਦੀ
ਇਹ ਸਾਡੀ ਹਿੰਦ ਅੱਜ ਫੇਰ
ਅੱਜ ਕਿਥੋਂ ਲਿਆਈਏ ਲਭ ਕੇ
ਗੁਰੂ ਤੇਗ ਬਹਾਦਰ ਫੇਰ

## ਗ਼ਜ਼ਲ

—ਕੁਲਵੰਤ ਜਗਰਾਉਂ*—

ਜੇ ਨਾ ਵਿਰਖੁ ਜੜ੍ਹੋਂ ਦੀ ਹਨੇਰੀ ਹਟੀ,
ਫੁੱਲ ਖਹਿੰਦੇ ਨੇ ਜਿਹੜੇ ਉਹ ਝੜ ਜਾਣਗੇ।
ਇਸ ਤਰ੍ਹਾਂ ਹੀ ਜੇ ਨਫ਼ਰਤ ਰਹੀ ਫੈਲਦੀ,
ਪੱਤ ਸੁੱਕ ਜਾਣਗੇ ਬਿਰਖ ਸੜ ਜਾਣਗੇ।
ਉਹ ਜੋ ਹੋਰਾਂ ਲਈ ਸੱਪ ਨੇ ਪਾਲਦੇ,
ਮੌਤ ਦੇ ਨਾਲ ਉਹ ਨੇ ਘਰ ਮੰਡਦੇ।
ਖੁੰਝ ਸੱਪਾਂ ਦੀ ਜੇਕਰ ਪਟਾਰੀ ਗਈ,
ਆਪ ਸੱਪਾਂ ਤੋਂ ਬਚ ਕੇ ਕਿਧਰ ਜਾਣਗੇ।
ਵਾਵਰੋਲੇ ਜੇ ਚੰਦਰੇ ਇਹ ਚਲਦੇ ਰਹੇ,
ਸਾਡੇ ਪਿੱਪਲਾਂ ਤੇ ਬੋਹੜਾਂ ਨੂੰ ਪੁੱਟ ਲੈਣਗੇ।
ਇਸ ਤਰ੍ਹਾਂ ਹੀ ਜੇ ਆਸਾਂ ਤੇ ਕੋਰਾ ਪਿਆ,
ਗੀਤ ਕੋਇਲਾਂ ਦੇ ਕੰਠਾਂ 'ਚ ਠਰ ਜਾਣਗੇ।
ਹਿਰਨ ਚੀਤੇ ਜੇ ਹਰਰੋਜ਼ ਮਰਦੇ ਰਹੇ,
ਫੇਰ ਡਾਰਾਂ ਦੀ ਕਿਸਮਤ ਦਾ ਹੋਵੇਗਾ ਕੀ?
ਜੇ ਨਾ ਸ਼ਰਧਾ ਦਾ ਦੀਵਾ ਅਸੀਂ ਬਾਲਿਆ,
ਚਾਰ ਕੂੰਟੀਂ ਹਨੇਰੇ ਪਸਰ ਜਾਣਗੇ।
ਏਸ ਧਰਤੀ ਤੇ ਜੇਕਰ ਨਾ ਆਦਮ ਰਿਹਾ,
ਜਿੱਤ ਦਾ ਹਾਰ ਦਾ ਅਰਥ ਹੋਵੇਗਾ ਕੀ?
ਹਰ ਨਵੇਂ ਫੁੱਲ ਦੀ ਆਪਣੀ ਮਹਿਕ ਹੈ,
ਆਪਣਾ ਰੰਗ ਤੇ ਆਪਣਾ ਰੂਪ ਹੈ।
ਆਪ ਖਿੜੀਏ ਜੇ ਹੋਰਾਂ ਨੂੰ ਦਈਏ ਖਿੜਣ,
ਦਿਨ ਜੋ ਵਿਗੜੇ ਨੇ ਸਾਡੇ ਸੰਵਰ ਜਾਣਗੇ।
ਧਰਮ ਦਾ ਜਾਤ ਦਾ ਉਚ ਦਾ, ਨੀਚ ਦਾ,
ਜੇ ਨਾ ਸਾਡੇ 'ਚ ਕੋਈ ਵੀ ਝਗੜਾ ਰਹੇ।
ਵਾਂਗ ਗੁਲਜ਼ਾਰ ਸਾਰੀ ਇਹ ਧਰਤੀ ਖਿੜੇ,
ਜੋ ਧੁਆਂਖੇ ਨੇ ਚਿਹਰੇ ਨਿਖਰ ਜਾਣਗੇ।
ਏਕਤਾ ਦੀ ਜਗਾ ਕੇ ਅਸੀਂ ਬੰਸਰੀ,
ਪਿਆਰ ਦੀ ਫਿਰ ਕੋਈ ਛੇੜੀਏ ਰਾਗਣੀ।
ਦੌਰ ਹਿੰਸਾ ਦਾ ਜੇ ਨਾ ਅਸੀਂ ਰੋਕਿਆ,
ਇਹ ਸ਼ਹਿਰ ਇਹ ਗਰਾਂ ਸਭ ਉਜੜ ਜਾਣਗੇ।



Sri Satguru Jagjit Singh Ji eLibrary NamdhariElibrary@gmail.com

# ਬਾਬਾ ਰਾਮ ਸਿੰਘ ਜੀ ਤੇ ਕੂਕਾ ਲਹਿਰ ਦਾ ਸਮਾਜੀ ਮਹੱਤਵ

—ਸ: ਗੁਰਬਖ਼ਸ਼ ਸਿੰਘ ਪ੍ਰੀਤਲੜੀ

ਸਵਰਗੀ ਸ: ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦੀ ਕਲਮ ਚੋਂ ਨਿਕਲਿਆ ਇਹ ਲੇਖ ਸ਼ਤਾਬਦੀ ਨਿਊਜ਼ ਦੇ ਮਾਰਚ-ਅਪਰੈਲ-ਮਈ ੧੯੭੨ ਦੇ ਵਿਸ਼ੇਸ਼ ਅੰਕ ਵਿਚ ਛਪਿਆ ਸੀ। ਸ: ਪ੍ਰੀਤ ਲੜੀ ਨਵੀਨ ਪੰਜਾਬੀ ਸਾਹਿਤ ਦੇ ਸੰਸਥਾਪਕਾਂ ਵਿਚੋਂ ਮੋਹਰੀ ਹਨ। ਉਹਨਾਂ ਨੇ ਲਿਖਣ ਸ਼ੈਲੀ ਨਾਲ ਨਵੇਂ ਪੂਰਨੇ ਪਾਏ। ਅਗਾਂਹ ਵਧੂ ਖਿਆਲਾਂ ਨਾਲ ਉਹਨਾਂ ਪੁਰਾਤਨ ਲੀਹਾਂ ਤੋਂ ਹੱਟ ਕੇ ਲਿਖਿਆ ਅਤੇ ਇਸੇ ਕਾਰਨ ਹੀ ਜਿਥੇ ਉਹਨਾਂ ਪੰਜਾਬੀ ਪਾਠਕਾਂ ਦਾ ਘੇਰਾ ਬਹੁਤ ਵਿਸ਼ਾਲ ਕੀਤਾ ਉਥੇ ਨਾਲ ਸਿਰ ਜ਼ਬਰਦਸਤ ਵਿਰੋਧਤਾ ਦਾ ਵੀ ਸਾਹਮਣਾ ਕੀਤਾ। ਹਥਲੇ ਲੇਖ ਵਿਚ ਉਹਨਾਂ ਨੇ ਗੁਰੂ ਰਾਮ ਸਿੰਘ ਜੀ ਅਤੇ ਕੂਕਾ ਲਹਿਰ ਦੇ ਇਤਿਹਾਸਕ ਰੋਲ ਬਾਰੇ ਆਪਣੀ ਸ਼ੈਲੀ ਅਤੇ ਦ੍ਰਿਸ਼ਟੀਕੋਣ ਨਾਲ ਚਾਨਣ ਪਾਇਆ ਹੈ। ਪ੍ਰਚਲਤ ਨਾਮਧਾਰੀ ਮਾਨਤਾਵਾਂ ਅਤੇ ਇਤਿਹਾਸਕ ਮਤ ਤੋਂ ਕਿਤੇ ਕਿਤੇ ਵਖ ਹੁੰਦਾ ਸੋਚਣਾ ਸੁਭਾਵਕ ਹੀ ਹੈ। ਇਸ ਲੇਖ ਦੇ ਅੰਤਲੇ ਭਾਗ ਵਿਚ ਉਹਨਾਂ ਨਾਮਧਾਰੀ ਜਗਤ ਨੂੰ ਕੁਝ ਸੁਝਾਅ ਦਿਤੇ ਹਨ। ਅਜ ਸਰਦਾਰ ਜੀ ਜੀਵਤ ਹੁੰਦੇ ਤਾਂ ਵੇਖਦੇ ਕਿ ਪਿਛਲੇ ੧੫ ਸਾਲਾਂ ਵਿਚ ਨਾਮਧਾਰੀ ਸਮਾਜ ਨੇ ਇਹਨਾਂ ਸੁਝਾਵਾਂ ਵਲ ਅਮਲੀ ਕਦਮ ਚੁਕੇ ਹਨ। —ਸੰਪਾਦਕ

ਆਪਣੇ ਸਮੇਂ ਦੀ ਅਦੁਤੀ ਸ਼ਖਸੀਅਤ ਬਾਬਾ ਰਾਮ ਸਿੰਘ ਜੀ ਨਾਲ ਆਮ ਪੰਜਾਬੀਆਂ ਨੇ ਪੂਰਾ ਇਨਸਾਫ ਨਹੀਂ ਕੀਤਾ। ਉਹਨਾਂ ਨੂੰ ਇਕ ਨਵੇਂ ਧਾਰਮਿਕ ਫਿਰਕੇ ਦਾ ਕੇਵਲ ਨਿਰਮਾਤਾ ਸਮਝਕੇ ਹੀ ਉਨ੍ਹਾਂ ਦੀ ਮਹਾਨਤਾ ਵਲ ਗੌਹ ਨਹੀਂ ਕੀਤਾ। ਸਿੱਖ ਰਿਆਸਤਾਂ ਦੇ ਜਥੇਬੰਦ ਸਿੱਖ ਪੰਥ ਨੇ ਸਗੋਂ ਉਨ੍ਹਾਂ ਦਾ ਬਾਈਕਾਟ ਵੀ ਕਰੀ ਰਖਿਆ ਤੇ ਜਦੋਂ ੧੮੭੨ ਵਿਚ ਉਨ੍ਹਾਂ ਨੂੰ ਅੰਗਰੇਜ਼ ਸਰਕਾਰ ਨੇ ਬਿਨਾ ਨਿਰਪੱਖ



ਲੇਖਕ

ਪੜਤਾਲ ਜਲਾਵਤਨ ਕਰਕੇ ਬਰਮਾ ਭੇਜ ਦਿਤਾ, ਤਾਂ ਸਿੱਖ ਰਾਜਿਆਂ ਤੇ ਆਪਣੇ ਆਪ ਨੂੰ ਸਿੱਖ ਪੰਥ ਸਮਝਣ ਵਾਲਿਆਂ ਨੇ ਹਾਕਮਾਂ ਨੂੰ ਵਧਾਈਆਂ ਦਿਤੀਆਂ।

ਪਰ ਬਾਬਾ ਰਾਮ ਸਿੰਘ ਜੀ ਇਕ ਸੁਚੀ ਪ੍ਰਭਾਵਸ਼ਾਲੀ ਤੇ ਮਿਕਨਾਤੀਸੀ ਰੂਹ ਵਾਲੀ ਆਤਮਾ ਸਨ ਜਿਨ੍ਹਾਂ ਦਾ ਮਨੋਰਥ ਕੋਈ ਨਵਾਂ ਪੰਥ ਚਲਾਉਣਾ ਨਹੀਂ ਸੀ। ਉਹ ਗੁਰੂ ਗੋਬਿੰਦ ਸਿੰਘ ਜੀ ਦੇ ਪੰਥ ਨੂੰ ਮਨੁੱਖਾਂ ਲਈ ਸ੍ਰੋਮਣੀ ਪੰਥ ਸਮਝਦੇ ਸਨ। ਉਨ੍ਹਾਂ ਦਾ ਮਨੋਰਥ ਇਕ ਨਵਾਂ ਸਮਾਜ ਕਾਇਮ ਕਰਨਾ ਸੀ ਜਿਹੜੇ ਵਿਚ ਕੋਈ ਸਮਾਜੀ ਜਬਰ ਨਾ ਹੋਵੇ, ਨਾ ਕੋਈ ਵਹਿਮ ਪ੍ਰਸਤੀ ਤੇ ਨਾ ਵਖਾਲਾ ਹੋਵੇ ਨਾ ਅਮੀਰਾਂ ਦਾ ਗਰੀਬਾਂ ਉਤੇ ਦਬਦਬਾ ਹੋਵੇ। ਹਰ ਮਨੁੱਖ ਆਪਣੀ ਕਿਰਤ ਕਮਾਈ ਨਾਲ ਜੀਵੇ, ਉਹ ਅਮੀਰ ਹੋਵੇ ਜਾਂ ਸਾਧੂ ਮਹਾਤਮਾ ਹੋਵੇ—ਬਿਨਾਂ ਕਿਰਤ ਉਹਦਾ ਧਰਤੀ ਦੀ ਦੌਲਤ ਉਤੇ ਕੋਈ ਹੱਕ ਨਾ ਹੋਵੇ। ਆਪ ਬਾਬਾ ਜੀ ਸੰਨ ੧੮੭੨ ਤਕ ਭੈਣੀ ਪਿੰਡ ਵਿਚ ਕਰਿਆਨੇ ਦੀ ਦੁਕਾਨ ਕਰਦੇ ਰਹੇ।

ਗੁਰੂ ਗੋਬਿੰਦ ਸਿੰਘ ਜੀ ਮੁਗਲ ਰਾਜ ਦੇ ਤਸ਼ੱਦਦ ਨੂੰ ਖਤਮ ਕਰਨ ਵਾਲੀ ਜੰਗ ਆਜ਼ਾਦੀ ਦੇ ਮੋਢੀ ਸਨ। ਆਪਣੀ ਉਮਰ ਵਿਚ ਉਹ ਇਸ ਤਸ਼ੱਦਦ ਨੂੰ ਖਤਮ ਨਾ ਕਰ ਸਕੇ ਪਰ ਉਹ ਇਹੋ ਜਿਹੀ ਕੋਈ ਰੂਹ ਖਾਲਸੇ ਵਿਚ ਫੂਕ ਗਏ ਕਿ ਉਨ੍ਹਾਂ ਤੋਂ ਪਿਛੋਂ ੬੦ ਸਾਲਾਂ ਦੇ ਅੰਦਰ ਹੀ ਪੰਜਾਬ ਵਿਚ ਖਾਲਸੇ ਦਾ-ਰਾਜ ਅਸਥਾਪਨ ਹੋ ਗਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਇਹ ਵੇਖ ਲਿਆ ਸੀ ਕਿ

ਜਦ ਤਕ ਆਜ਼ਾਦੀ ਚਾਹੁਣ ਵਾਲਿਆਂ ਦਾ ਆਪਣਾ ਚਰਿਤ੍ਰ ਮਜ਼ਬੂਤ ਨਹੀਂ ਹੁੰਦਾ ਓਦੋਂ ਤਕ ਉਨ੍ਹਾਂ ਦਾ ਆਜ਼ਾਦੀ ਦਾ ਸੁਪਨਾ ਵੀ ਪੂਰਾ ਨਹੀਂ ਹੋ ਸਕਦਾ। ਏਸੇ ਲਈ ਉਨ੍ਹਾਂ ਨੇ ਖਾਲਸਾ ਸਾਜਿਆ ਤੇ ਖਾਲਸੇ ਨੂੰ ਪੂਰਨ ਰਹਿਤ ਤੇ ਮਰਯਾਦਾ ਸਿਖਾਈ। ਫੌਜੀ ਹੁਨਰ ਵਿਚ ਪਰਪਕ ਕੀਤਾ। ਉਦੋਂ ਹਥਿਆਰਾਂ ਉਤੇ ਕੋਈ ਬੰਦਸ਼ ਨਹੀਂ ਸੀ। ਉਨ੍ਹਾਂ ਨੇ ਆਜ਼ਾਦੀ ਦੇ ਪਾਂਧਿਆਂ ਨੂੰ ਹਥਿਆਰਾਂ ਨਾਲ ਲੈਸ ਕਰ ਕੇ ਇਕ ਇਕ ਵਿਚ ਸਵਾ ਸਵਾ ਲੱਖ ਦੇ ਮੁਕਾਬਲੇ ਦੀ ਸ਼ਕਤੀ ਦਾ ਅਹਿਸਾਸ ਪੈਦਾ ਕਰ ਦਿਤਾ। ਮਨੋਰਥ ਕੋਈ ਨਵਾਂ ਧਰਮ ਚਲਾਣਾ ਨਹੀਂ ਸੀ, ਸਿਰਫ਼ ਜੀਵਨ ਲਈ ਨਵੇਂ ਪੰਥ (ਮਾਰਗ) ਦੀ ਸੇਧ ਦੇਣਾ ਸੀ। ਇਨ ਬਿਨ ਇਹੋ ਕੁਝ ਬਾਬਾ ਰਾਮ ਸਿੰਘ ਜੀ ਨੇ ਕੀਤਾ। ਬਾਬਾ ਜੀ ਅੰਗਰੇਜ਼ਾਂ ਕੋਲੋਂ ਆਜ਼ਾਦੀ ਲੈਣ ਦੀ ਤਹਿਰੀਕ ਦੇ ਬਾਨੀ ਸਨ। ਉਹ ਵੀ ਆਪਣੀ ਉਮਰ ਵਿਚ ਆਪਣੀ ਮੰਜ਼ਲ ਉਤੇ ਨਾ ਪਹੁੰਚ ਸਕੇ। ਆਪਣਾ ਅੰਦੋਲਨ ਉਨ੍ਹਾਂ ਨੇ ੧੮੫੭ ਵਿਚ ਅਰੰਭਿਆ ਸੀ ਤੇ ਠੀਕ ੯੦ ਵਰ੍ਹਿਆਂ ਬਾਦ ੧੯੪੭ ਵਿਚ ਭਾਰਤ ਨੂੰ ਆਜ਼ਾਦੀ ਮਿਲ ਗਈ।

ਬਾਬਾ ਰਾਮ ਸਿੰਘ ਜੀ ਸਾਰੇ ਪੰਜਾਬ ਨੂੰ ਵਿਦੇਸ਼ੀ ਹਕੂਮਤ ਦੀ ਹੇਠੀ ਤੋਂ ਸੁਰਖ਼ਰੂ ਕਰਾਣਾ ਲੋਚਦੇ ਸਨ। ਇਹਦੇ ਲਈ ਉਨ੍ਹਾਂ ਪਹਿਲੀ ਲੋੜ ਇਹ ਜਾਤੀ ਕਿ ਲੋਕਾਂ ਨੂੰ ਵਹਿਮ ਪ੍ਰਸਤੀ ਤੋਂ ਮੋੜ ਕੇ ਉਨ੍ਹਾਂ ਵਿਚੋਂ ਇਕ ਨਰੋਆ ਖਾਲਸਾ ਲਸ਼ਕਰ ਤਿਆਰ ਕੀਤਾ ਜਾਏ ਜਿਸ ਲਸ਼ਕਰ ਨੂੰ ਨਿਜੀ ਤਕੜਾਂ ਜਾਂ ਨਿਜੀ ਅਮੀਰੀ ਦੀ ਕੋਈ ਲਾਲਸਾ ਨਾ ਹੋਵੇ ਜਿਹੜਾ ਰੂਹਾਨੀ ਤੇ ਜਿਸਮਾਨੀ ਪਖੋਂ ਸ਼ਕਤੀਸ਼ਾਲੀ ਹੋਵੇ।

ਬਾਬਾ ਜੀ ਬਚਪਨ ਵਿਚ ਹੀ ਇਕ ਨਿਰਾਲੀ ਹੋਣਹਾਰੀ ਦਾ ਸੰਦੇਸ਼ ਸਨ। ਵੀਹ ਵਰ੍ਹਿਆਂ ਦੀ ਉਮਰ ਵਿਚ ਫੌਜੀ ਤਜਰਬਾ ਹਾਸਲ ਕਰਨ ਲਈ ਉਹ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸਿਪਾਹੀ ਭਰਤੀ ਹੋ ਗਏ। ਪਰ ਉਸ ਸਮੇਂ ਸਿੱਖ ਫੌਜ ਵਿਚ ਬੜੀ ਢਲਾਈ ਅਤੇ ਅਨੇਕਾਂ ਕੁਰੀਤੀਆਂ ਆ ਚੁਕੀਆਂ ਸਨ। ਮਹਾਰਾਜਾ ਰਣਜੀਤ ਸਿੰਘ ਨੇ ਜਿਹੜੀਆਂ ਜਗੀਰਾਂ ਸਿੱਖ ਸਰਦਾਰਾਂ ਨੂੰ ਦਿਤੀਆਂ ਸਨ ਉਨ੍ਹਾਂ ਜਗੀਰਾਂ ਦੇ ਅਵਰਾ ਨੇ ਸਿੱਖ ਚਰਿਤ੍ਰ ਪਾਤਾਲੇ ਡੋਰ ਡਿਗਿਆ ਸੀ ਤੇ ਮਹਾਰਾਜੇ ਦੀ ਆਪਣੀ ਸਿਹਤ ਬਹੁਤ ਕਮਜ਼ੋਰ ਹੋ ਚੁਕੀ ਸੀ। ਸਿੱਖ ਫੌਜ ਤੇ ਸਿੱਖ ਸਰਕਾਰ ਦੀਰਘਾਂ ਤੇ ਫੁਟ ਦਾ ਸ਼ਿਕਾਰ ਹੋ ਚੁਕੀਆਂ ਸਨ। ਬਾਬਾ ਜੀ ਸ਼ੁੱਧ ਆਚਾਰ ਦਾ ਇਕ ਨਮੂਨਾ ਸਨ। ਉਨ੍ਹਾਂ ਨੂੰ ਫੌਜ ਵਿਚ ਭਾਈ ਰਾਮ ਸਿੰਘ ਆਖਿਆ ਜਾਣ ਲੱਗ ਪਿਆ। ਉਸ ਸਮੇਂ "ਭਾਈ" ਉਚਤਾ ਦੀ ਪ੍ਰਤੀਕ ਸੀ, ਅਜ ਵਾਂਗ ਅਨਪੜ੍ਹਤਾ ਤੇ ਪੁਰਾਤਨਤਾ ਦਾ ਲਿਤਾੜ ਨਹੀਂ ਸੀ। ਬਾਬਾ ਜੀ ਦੀ ਫੌਜ ਵਿਚ ਬੜੀ ਇਜ਼ਤ ਬਣ ਗਈ ਪਰ ਉਹ ਪ੍ਰਚਲਤ ਫੌਜੀ ਚਰਿਤ੍ਰ ਦੇ ਦਲੇਰ ਅਲੌਕਕ ਹੋਣ ਕਰਕੇ ਅਫ਼ਸਰਾਂ ਨੂੰ ਪਸੰਦ ਨਹੀਂ ਸਨ ਆ ਸਕੇ। ਬਾਬਾ ਜੀ ਖੁਲਮ ਖੁਲ੍ਹਾ ਕਹਿ ਦਿੰਦੇ ਸਨ ਕਿ ਜਿਹੜੀ ਫੌਜ ਆਪਣਾ ਚਰਿਤ੍ਰ ਨਿਰਸੰਦੇਹ ਨਹੀਂ ਰਖ ਸਕਦੀ—ਉਹ ਕਦੇ ਜੰਗ ਵਿਚ ਜਿੱਤ ਨਹੀਂ ਸਕੇਗੀ। ੧੮੩੯ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਦੇਹਾਂਤ ਹੋ ਗਿਆ। ਉਹਦੇ ਬਾਦ ਦੇ ਛੇਆਂ ਵਰ੍ਹਿਆਂ ਵਿਚ ਸਤ ਸਰਕਾਰਾਂ ਬਦਲੀਆਂ, ਕਈ ਕਤਲ ਹੋਏ, ਕੋਈ ਨੇਮ ਨਾ ਰਿਹਾ, ਕੋਈ ਕੁਲ ਨਾ ਰਿਹਾ।

੧੮੪੫ ਵਿਚ ਬਾਬਾ ਜੀ ਨੇ ਨੌਕਰੀ ਛੱਡ ਦਿਤੀ ਤੇ ਆਪਣੇ ਪਿੰਡ ਆ ਗਏ ਜਿਥੇ ੧੮੧੬ ਵਿਚ ਉਨ੍ਹਾਂ ਦਾ ਜਨਮ ਹੋਇਆ ਸੀ। ਕਰਿਆਨੇ ਦੀ ਦੁਕਾਨ ਖੋਲ੍ਹ ਲਈ। ਦੁਕਾਨਦਾਰੀ ਦਾ ਮਨੋਰਥ ਲੋਕਾਂ ਦੀ ਸੇਵਾ ਤੇ ਆਪਣੀ ਕਿਰਤ ਨਾਲ ਪਰਿਵਾਰ ਦਾ ਗੁਜ਼ਾਰਾ ਸੀ। ਉਨ੍ਹਾਂ ਦੇ ਤਜਰਬਿਆਂ ਦਰਸ਼ਨਾਂ ਨਾਲ ਖਿਚੇ ਅਨੇਕਾਂ ਲੋਕ ਭੈਣੀ ਸਾਹਿਬ ਆਉਂਦੇ, ਬਾਬਾ ਜੀ ਦੇ ਉਪਦੇਸ਼ ਸੁਣਦੇ ਤੇ ਰਹਿਨੁਮਾਈ ਮੰਗਦੇ। ਆਪਣੇ ਗੁਜ਼ਾਰੇ ਤੋਂ ਜੋ ਬਚਦਾ ਉਸਦੇ ਨਾਲ ਆਇਆਂ ਗਿਆਂ ਲਈ ਲੰਗਰ ਚਾਲੂ ਰਖਦੇ। ਉਨ੍ਹਾਂ ਦੀ ਸੁਪਤਨੀ ਸਦਾ ਕੌਰ ਜੀ ਤੇ ਸਪੁਤਰੀਆਂ ਸੰਗਤਾਂ ਦੀ ਸੇਵਾ ਕਰਦੀਆਂ।

੧੮੪੫ ਵਿਚ ਇਕ ਅੰਗਰੇਜ਼-ਸਿੱਖ ਲੜਾਈ ਸ਼ੁਰੂ ਹੋ ਗਈ। ਜੀਕਰ ਬਾਬਾ ਜੀ ਆਖਿਆ ਕਰਦੇ ਸਨ, ਉਕਰ ਹੀ ਵੱਡੀ ਕੁਲੀ ਸਿੱਖ ਫੌਜ ਨੂੰ ਹਾਰ ਹੋ ਗਈ। ਸਾਰਾ ਪੰਜਾਬ ਅੰਗਰੇਜ਼ਾਂ ਨੇ ਹਥਿਆ ਲਿਆ। ਮਹਾਰਾਜਾ ਦਲੀਪ ਸਿੰਘ ਨੂੰ ਜਿਲਾਵਤਨ ਕੀਤਾ ਗਿਆ। ਸਾਰੀ ਸ਼ਾਹੀ ਜਾਇਦਾਦ ਲੜਾਈ ਦੇ ਹਰਜਾਨੇ ਵਜੋਂ ਅੰਗਰੇਜ਼ਾਂ ਸਾਂਭ ਲਈ। ਨਾਬਾਲਗ ਮਹਾਰਾਜੇ ਨੂੰ ਸਾਰੇ ਸਨੇਹੀਆਂ ਨਾਲੋਂ ਨਿਖੇੜ ਕੇ ਇਕ ਅੰਗਰੇਜ਼ ਦੀ ਸਰਪਰਸਤੀ ਵਿਚ ਸੌਂਪ ਦਿਤਾ। ਏਸ ਸੰਗਤ 'ਚ ਪੱਛਮੀ ਅਸਰ ਹੇਠਾਂ ਮਹਾਰਾਜੇ ਨੇ ਇਸਾਈ ਹੋ ਜਾਣਾ ਪਰਵਾਨ ਕਰ ਲਿਆ ਤੇ ਉਸਨੂੰ ਇੰਗਲੈਂਡ ਭੇਜ ਦਿਤਾ ਗਿਆ।

ਪੰਜਾਬ ਵਿਚ ਕਿਸੇ ਨੂੰ ਕੋਈ ਰੰਜ ਹੋਇਆ ਜਾਪਦਾ ਨਹੀਂ ਸੀ। ਰਿਆਸਤਾਂ ਕਾਇਮ ਰਹਿਣ ਕਰਕੇ ਰਿਆਸਤਾਂ ਦੇ ਸਰਦਾਰਾਂ ਨੇ ਅੰਗਰੇਜ਼ਾਂ ਨਾਲ ਵਫ਼ਾਦਾਰੀ ਦੀ ਸਹੁੰ ਚੁਕ ਲਈ ਸੀ। ਰਸਮੀ ਧਰਮ ਦੇ ਨੇਤਾ ਹਮੇਸ਼ਾਂ ਸਰਕਾਰ ਦੇ ਹੀ ਪੁਜਾਰੀ ਹੁੰਦੇ ਹਨ।



Sri Satguru Jagjit Singh Ji eLibrary NamdhariElibrary@gmail.com




ਬਾਬਾ ਰਾਮ ਸਿੰਘ ਜੀ ਦੇ ਅੰਦਰ ਕਹਿਰਾਂ ਦਾ ਰੋਸ ਭੜਕ ਪਿਆ। ਸਿੱਖ ਸਰਦਾਰਾਂ ਦੀ ਐਸ਼ ਪ੍ਰਸਤੀ ਨੇ ਗੁਰੂ ਗੋਬਿੰਦ ਸਿੰਘ ਦੇ ਅਰਥੀਂ ਪੰਥ ਨੂੰ ਕਦੋਂ ਹੌਲਾ ਕਰ ਛਡਿਆ ਸੀ। ਪਰ ਬਾਬਾ ਜੀ ਦਾ ਇਹ ਵਿਸ਼ਵਾਸ ਸੀ ਕਿ ਜਦ ਤਕ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਵਾਂਗ ਕੋਈ ਖ਼ਾਲਸਾ ਬੀਰਾਂ ਦਾ ਲਸ਼ਕਰ ਹੋਂਦ ਵਿਚ ਨਹੀਂ ਆਉਂਦਾ ਉਦੋਂ ਤਕ ਅੰਗਰੇਜ਼ਾਂ ਕੋਲੋਂ ਸਾਡੀ ਖ਼ਲਾਸੀ ਨਹੀਂ ਹੋ ਸਕਦੀ। ਅੰਗਰੇਜ਼ਾਂ ਦਾ ਕੌਮੀ ਚਰਿਤ੍ਰ ਬੜਾ ਪੁਖਤਾ ਤੇ ਨੇਮ ਪਾਬੰਦ ਸੀ।

ਬਾਬਾ ਜੀ ਨੇ ਆਪਣੇ ਖਿਆਲਾਂ ਦਾ ਪਰਚਾਰ ਕਰਨਾ ਸ਼ੁਰੂ ਕਰ ਦਿਤਾ। ਉਨ੍ਹਾਂ ਦੀ ਸ਼ਖ਼ਸੀਅਤ ਵਿਚ ਇਹੋ ਜਿਹਾ ਚਮਤਕਾਰ ਸੀ ਕਿ ਉਨ੍ਹਾਂ ਦੇ ਸ਼ਬਦਾਂ ਉਤੇ ਕੋਈ ਦੁਨੀਆਂ ਪਲਰਦੀ ਦਿਸਦੀ ਸੀ। ਉਨ੍ਹਾਂ ਦੀ ਭਜਨ ਬੰਦਗੀ ਤੇ ਸੁੱਚੀ ਸਰਲ ਕਿਰਤ ਦੀ ਸ਼ੋਭਾ ਵੀ ਚੁਤਰਫ਼ੀ ਖਿਲਰਦੀ ਰਹੀ। ਉਹ ਇਹ ਵੀ ਸਪਸ਼ਟ ਕਰਦੇ ਰਹਿੰਦੇ ਸਨ ਕਿ ਭਜਨ ਬੰਦਗੀ ਸ਼ੁਭ ਕਰਮਾਂ ਲਈ ਪ੍ਰੇਰਨਾ ਦਾ ਸਾਧਨ ਹੈ ਤੇ ਜੇ ਸਾਡਾ ਭਜਨ ਸਿਮਰਨ ਸਾਨੂੰ ਸ਼ੁਭ ਕਰਮਾਂ ਲਈ ਨਿਤ ਨਵੀਂ ਪ੍ਰੇਰਨਾ ਨਹੀਂ ਦੇਂਦਾ ਤਾਂ ਉਹ ਨਿਹਫਲ ਵਿਖਾਲਾ ਹੈ।

੧੮੫੭ ਵਿਚ ਗਦਰ ਵਾਪਰ ਪਿਆ। ਬਾਬਾ ਜੀ ਨੂੰ ਇਹਦੀ ਸਫਲਤਾ ਵਿਚ ਭਰੋਸਾ ਨਹੀਂ ਸੀ। ਇਹ ਸਿਰਫ਼ ਫ਼ੌਜੀ ਲੋਕਾਂ ਦੀ ਅੰਗਰੇਜ਼ ਅਫ਼ਸਰਾਂ ਦੀ ਹੈਂਕੜ ਤੇ ਹਿੰਦੂ ਧਰਮ ਦੇ ਨਿਰਾਦਰ ਦੇ ਖ਼ਿਲਾਫ਼ ਭੜਕੀ ਹੋਈ ਅਸੰਤੁਸ਼ਟਤਾ ਸੀ। ਬਾਬਾ ਜੀ ਦੇ ਵਿਸ਼ਵਾਸ ਅਨੁਸਾਰ ਜਦ ਤਕ ਜਨਤਾ ਵਿਚ ਰੋਸ ਦੀ ਤੜਪ ਨਹੀਂ ਉਠਦੀ, ਉਨ੍ਹਾਂ ਚਿਰ ਕੋਈ ਗਦਰ ਬਲਵਾਨ ਸਰਕਾਰ ਦੇ ਖ਼ਿਲਾਫ਼ ਕਾਮਯਾਬ ਨਹੀਂ ਹੋ ਸਕਦਾ। ਤੇ ਜਨਤਾ ਦੇ ਅੰਦਰ ਰੋਸ ਤਾਂ ਹੀ ਤੜਪ ਸਕਦਾ ਹੈ ਜੇ ਜਨਤਾ ਦੇ ਬਹੁਤੇ ਭਾਗ ਦਾ ਚਰਿਤ੍ਰ ਮਜ਼ਬੂਤ ਹੋਵੇ।

ਬਾਬਾ ਜੀ ਨੇ ਗਦਰ ਅੰਦੋਲਨ ਵਿਚ ਦੋ ਕਾਰਨਾਂ ਕਰਕੇ ਭਾਗ ਨਾ ਲਿਆ। ਇਕ ਇਹ ਕਿ ਜਨਤਾ ਵਿਚ ਕੋਈ ਜਾਗਰਤਾ ਨਹੀਂ ਸੀ। ਦੂਜੇ ਉਨ੍ਹਾਂ ਦੇ ਖਿਆਲਾਂ ਦੇ ਸਾਥੀ ਅਜੇ ਗਿਣਤੀ ਦੇ ਹੀ ਸਨ। ਬਹੁਤੇ ਲੋਕੀ ਰਸਮੀ ਧਰਮ ਦੀਆਂ ਭੂਲ ਭੁਲਈਆਂ ਵਿਚ ਗੁਆਚੇ ਹੋਏ ਸਨ। ਸਖੀ ਸਰਵਰ ਕਬਰਾਂ, ਮੜ੍ਹੀਆਂ, ਸਮਾਧਾਂ ਤੇ ਮਜ਼ਾਰਾਂ ਨੂੰ ਹਿੰਦੂ-ਸਿੱਖ ਸਭ ਪੂਜਦੇ ਸਨ। ਬਾਬਾ ਜੀ ਦਾ ਇਕੱਲੇ ਉਸ ਅੰਦੋਲਨ ਵਿਚ ਸ਼ਾਮਲ ਹੋਣ ਦਾ ਕੋਈ ਅਰਥ ਨਹੀਂ ਸੀ, ਗਦਰ ਤੋਂ ਸਿਰਫ਼



Sri Satguru Jagjit Singh Ji eLibrary NamdhariElibrary@gmail.com

ਇਕ ਮਹੀਨਾ ਪਹਿਲਾਂ ਹੀ ਉਹਨਾਂ ਨਾਮਧਾਰੀ ਪੰਥ ਅਰੰਭਿਆ ਸੀ।

ਜਤਨ ਸਫਲ ਨਾ ਹੋਇਆ। ਅੰਗਰੇਜ਼ ਸਰਕਾਰ ਨੇ ਬੇਕਸੂਰ ਜਨਤਾ ਉੱਤੇ ਅੰਤਾਂ ਦਾ ਜ਼ੁਲਮ ਢਾਇਆ। ੨੭੦੦੦ ਮਨੁੱਖ ਸਿਰਫ ਦਿੱਲੀ ਵਿਚ ਹੀ ਫਾਂਸੀਆਂ ਉੱਤੇ ਚਾੜ੍ਹੇ। ਲਖਨਊ ਤੇ ਹੋਰਨੀਂ ਥਾਈਂ ਵੀ ਏਡਾ ਹੀ ਕਹਿਰ ਮਚਾਇਆ। ਇਥੋਂ ਤਕ ਕਿ ਲਾਰਡ ਅੰਲਫਿਨਸਟੋਨ ਨੇ ਸਰ ਜਾਨ ਲਾਰੰਸ ਨੂੰ ਦਿੱਲੀ ਦੀ ਲੜਾਈ ਬਾਰੇ ਇਹ ਲਫ਼ਜ਼ ਲਿਖੇ :

"ਜਦੋਂ ਦਿੱਲੀ ਦਾ ਮੁਹਾਸਰਾ ਉਠ ਗਿਆ ਤਾਂ ਜਿਹੜੇ ਅੱਤਿਆਚਾਰ ਸਾਡੀ ਫੌਜ ਨੇ ਕੀਤੇ ਉਹ ਦਿਲ ਚੀਰਵੇਂ ਹਨ, ਦੋਸਤ ਦੁਸ਼ਮਣ ਦਾ ਵੇਰਵਾ ਕੀਤੇ ਬਿਨਾਂ ਥੋਕ ਕਤਲੇਆਮ ਕੀਤੀ ਗਈ। ਲੁਟ ਖਸੁਟ ਦੇ ਪੱਖੋਂ ਅਸਾਂ ਨਾਦਰਸ਼ਾਹ ਨੂੰ ਵੀ ਮਾਤ ਪਾ ਦਿਤਾ।"

ਏਸ ਖੂੰਖਾਰੀ ਤੋਂ ਪੀੜਤ ਹੋ ਕੇ ਬਾਬਾ ਜੀ ਨੇ ਆਪਣੇ ਅੰਦੋਲਨ ਨੂੰ ਹੋਰ ਗੰਭੀਰ ਕਰ ਦਿਤਾ। ਜ਼ਾਹਿਰਾ ਇਹ ਅੰਦੋਲਨ ਧਾਰਮਿਕ ਹੀ ਸੀ ਪਰ ਇਹਦਾ ਅੰਦਰਲਾ ਮਨੋਰਥ ਅੰਗਰੇਜ਼ ਹਕੂਮਤ ਤੋਂ ਸੁਤੰਤਰ ਹੋਣਾ ਸੀ। ਤਿਨ ਸਾਲਾਂ ਵਿਚ ਹੀ ਬਾਬਾ ਜੀ ਦੇ ਸਿੱਖਾਂ ਦੀ ਗਿਣਤੀ ੬੦੦੦੦ ਹੋ ਗਈ। ਆਪ ਨਿਰਭਰਤਾ, ਉਨ੍ਹਾਂ ਦਾ ਮੁਖ ਉਪਦੇਸ਼ ਸੀ। ਸੁਚਾ ਜੀਵਨ ਉਨ੍ਹਾਂ ਦਾ ਨਿਤਨੇਮ ਸੀ। ਰਸਮਾਂ ਦੇ ਬੰਧਨ ਉਨ੍ਹਾਂ ਸਭ ਤੋੜ ਦਿਤੇ। ਇਸਤ੍ਰੀ ਨੂੰ ਮਰਦ ਨਾਲ ਬਰਾਬਰੀ ਦਿਤੀ। ਵਿਆਹ ਸਾਦੇ ਕਰ ਦਿਤੇ। ਵਿਧਵਾ ਵਿਆਹ ਦੀ ਆਗਿਆ ਦੇ ਦਿਤੀ। ਜਾਤ ਬਰਾਦਰੀ ਦੀਆਂ ਹੱਦਾਂ ਖ਼ਤਮ ਕਰ ਦਿਤੀਆਂ ਗਈਆਂ।

ਹਿੰਦੂ ਸਿੱਖ ਜੋ ਆਪਣੇ ਮੋਇਆਂ ਦੀਆਂ ਹੱਡੀਆਂ ਗੰਗਾ ਤਾਰਨ ਜਾਂਦੇ ਸਨ ਇਹ ਵਰਜਿਤ ਕਰ ਦਿਤਾ। ਬਾਬਾ ਜੀ ਦਾ ਸਿੱਖ ਇਕ ਅਨੋਖਾ ਰੂਪ ਦਿੱਸਣ ਲਗ ਪਿਆ ਸਾਫ ਸੁਥਰੇ ਖੱਦਰ ਦੀ ਪੁਸ਼ਾਕ ਤੇ ਸਿਧਾ ਦਸਤਾਰਾ। ਕਰਪਾਨ ਰਖਣ ਦੀ ਮਨਾਹੀ ਸੀ। ਇਸ ਲਈ ਹਰ ਨਾਮਧਾਰੀ ਇਕ ਡਕੂਆ ਆਪਣੀ ਪੁਸ਼ਾਕ ਦਾ ਇਕ ਅੰਗ ਸਮਝਦਾ ਸੀ। ਮਾਸ ਤੇ ਸ਼ਰਾਬ ਦੋਵੇਂ ਵਰਜ ਦਿਤੇ। ਨਾਮਧਾਰੀ ਸਿੱਖ ਭਰੋਸੇ ਦੀ ਚਟਾਨ ਦਿੱਸਣ ਲਗ ਪਿਆ। ਜਾਇਦਾਦ ਦਾ ਭੁਸ ਵੀ ਇਉਂ ਦੂਰ ਕਰ ਦਿਤਾ ਕਿ ਕਈਆਂ ਨੇ ਆਪਣੀਆਂ ਜਾਇਦਾਦਾਂ ਵੇਚ ਦਿਤੀਆਂ।

੧੮੬੦ ਤੋਂ ੧੮੭੦ ਦੇ ਵਿਚਕਾਰ ਕੂਕਿਆਂ ਦੀ ਗਿਣਤੀ ਸਵਾ ਤਿੰਨ ਲੱਖ ਹੋ ਗਈ। ਬਾਬਾ ਜੀ ਦੀ ਜਥੇਬੰਦਕ



ਪ੍ਰਤਿਭਾ ਅਦੁਤੀ ਸੀ। ਅੰਗਰੇਜ਼ ਸਕੂਲਾਂ ਵਿਚ ਬੱਚੇ ਪੜ੍ਹਾਣਾ ਬੰਦ ਕਰ ਦਿਤਾ। ਇਹ ਪੜ੍ਹਾਈ ਬੱਚਿਆਂ ਨੂੰ ਆਪਣੇ ਕੌਮੀ ਆਦਰਸ਼ਾਂ ਤੋਂ ਨਫਰਤ ਸਿਖਾ ਰਹੀ ਸੀ। ਥਾਂ ਥਾਂ ਆਪਣੇ ਸਕੂਲ ਖੋਲ ਦਿਤੇ ਤੇ ਆਪਣੀ ਮਾਂ ਬੋਲੀ ਵਿਚ ਸਿਖਾਈ ਪੜ੍ਹਾਈ ਸਿੱਖਾਂ ਲਈ ਜ਼ਰੂਰੀ ਕਰ ਦਿਤੀ। ਡਾਕਖਾਨਿਆਂ ਤੇ ਰੇਲਾਂ ਦਾ ਵੀ ਬਾਈਕਾਟ ਕਰ ਦਿਤਾ। ਆਪਣੀ ਡਾਕ ਦਾ ਇਹੋ ਜਿਹਾ ਪ੍ਰਬੰਧ ਚਲਾਇਆ ਕਿ ਅੰਗਰੇਜ਼ ਸਰਕਾਰ ਹੈਰਾਨ ਹੋ ਗਈ।

ਜਿਹੜੀ ਸਤਿਆਗ੍ਰਹਿ ਤਹਿਰੀਕ ੧੯੨੧ ਵਿਚ ਮਹਾਤਮਾ ਗਾਂਧੀ ਜੀ ਨੇ ਚਲਾਈ, ਉਹ ਐਡੀ ਸਫਲ ਨਹੀਂ ਸੀ ਹੋ ਸਕੀ—ਜੇਡੀ ਸਫਲ ਬਾਬਾ ਰਾਮ ਸਿੰਘ ਜੀ ਦੀ ਤਹਿਰੀਕ ਸੀ। ਭਾਰਤ ਵਿਚ ਸਤਿਆਗ੍ਰਹਿ ਦੇ ਮੋਢੀ ਬਾਬਾ ਜੀ ਹੀ ਆਖੇ ਜਾ ਸਕਦੇ ਹਨ। ਸਾਰੇ ਨਾਮਧਾਰੀ ਪੰਥ ਨੇ ਅੰਗਰੇਜ਼ੀ ਅਦਾਲਤਾਂ ਤੇ ਹੋਰ ਸਰਕਾਰੀ ਸੰਸਥਾਵਾਂ ਦਾ ਪੂਰਨ ਬਾਈਕਾਟ ਕਰੀ ਰਖਿਆ। ਥਾਂ ਥਾਂ ਪੰਥ ਦੇ ਸੂਬੇ ਕਾਇਮ ਕਰ ਦਿਤੇ ਜਿਹੜੇ ਆਪਸੀ ਝਗੜੇ ਨਿਬੇੜ ਦਿੰਦੇ ਸਨ। ਰੂਸ, ਨੇਪਾਲ, ਕਸ਼ਮੀਰ ਤੇ ਕਾਬਲ ਵਿਚ ਆਪਣੇ ਦੂਤ ਘਰ ਕਾਇਮ ਕਰ ਲਏ ਗਏ। ਕਿਰਪਾਨ ਦੀ ਥਾਂ ਹਰ ਕੂਕਾ ਇਕ ਸੋਟੀ ਲਾਠੀ ਹੱਥ ਵਿਚ ਰਖਦਾ ਸੀ। ਫੌਜੀ ਪਰੇਡ ਵੀ ਹੁੰਦੀ ਸੀ। ਕਸ਼ਮੀਰ ਦੀ ਫੌਜ ਵਿਚ ਭਰਤੀ ਹੋ ਕੇ ਕਈ ਕੂਕੇ ਫੌਜੀ ਸਿਖਲਾਈ ਵੀ ਲੈਂਦੇ ਸਨ।

ਬਾਬਾ ਜੀ ਨੇ ਪੰਥ ਦੇ ਖੁਦਮੁਖਤਾਰ ਵਤੀਰੇ ਨਾਲ



Sri Satguru Jagjit Singh Ji eLibrary NamdhariElibrary@gmail.com

ਜਨਤਾ ਦੇ ਦਿਲ ਵਿਚ ਵਿਦੇਸ਼ੀ ਸਰਕਾਰ ਦੇ ਖਿਲਾਫ ਚੋਖੀ ਘਿਰਣਾ ਪੈਦਾ ਕਰ ਦਿਤੀ। ਅੰਗਰੇਜ਼ੀ ਸਰਕਾਰ ਬਾਬਾ ਜੀ ਖਿਲਾਫ ਕੋਈ ਕਦਮ ਨਾ ਚੁਕ ਸਕੀ ਭਾਵੇਂ ਖੁਫੀਆ ਰਿਪੋਰਟਾਂ ਸ਼ੰਕੇ ਪੈਦਾ ਕਰ ਰਹੀਆਂ ਸਨ। ਭਾਵੇਂ ਨਾਮਧਾਰੀ ਪੰਥ ਦਾ ਰੂਪ ਨਿਰਲ ਧਾਰਮਿਕ ਸੀ ਪਰ ਪੁਲਿਸ ਅਫਸਰ ਸਰਕਾਰ ਨੂੰ ਖਬਰ ਕਰ ਰਹੇ ਸਨ ਕਿ ਕੂਕੇ ੧੮੫੭ ਨਾਲੋਂ ਵੀ ਵਧੇਰੇ ਖ਼ਤਰਨਾਕ ਸਾਬਤ ਹੋ ਸਕਦੇ ਹਨ।

ਤੇ ਇਹ ਭਵਿਖ ਬਾਣੀ ਵੀ ਸਚੀ ਹੋ ਜਾਣੀ ਸੀ ਜੇ ਕਰ ਬਾਬਾ ਜੀ ਦੇ ਕੁਝ ਸੂਬੇ ਛੇਤੀ ਕਾਹਲੇ ਨਾ ਪੈ ਜਾਂਦੇ। ਇਹ ਕਾਹਲ ਸੂਬਿਆਂ ਨੇ ਏਸ ਕਰਕੇ ਵੀ ਕੀਤੀ ਕਿ ਉਹ ਹਿੰਦੂ ਜਨਤਾ ਦੀ ਹਮਦਰਦੀ ਜਿਤਣਾ ਚਾਹੁੰਦੇ ਸਨ।

ਸਿਖ ਰਾਜ ਵਿਚ ਗਊ ਹਤਿਆ ਵਿਵਰਜਿਤ ਸੀ। ਅੰਗਰੇਜ਼ਾਂ ਨੇ ਇਹਦੀ ਖੁਲ੍ਹ ਦੇ ਦਿਤੀ। ਪਰ ਅੰਮ੍ਰਿਤਸਰ ਸਿਖਾਂ ਦੀ ਰਾਜਧਾਨੀ ਹੋਣ ਕਰਕੇ ਏਥੇ ਅਜੇ ਬੰਦਸ਼ ਲਾਗੂ ਸੀ। ਪਰ ਅੰਗਰੇਜ਼ਾਂ ਨੇ ਆਖਿਰ ਏਥੇ ਵੀ ਬੁਚੜਖਾਨਾ ਖੁਲ੍ਹਾ ਦਿਤਾ। ਲੋਕ ਬੜੇ ਕਹਿਰਵਾਨ ਹੋਏ। ਬੁਚੜ ਲੋਕ ਟੋਕਰੀਆਂ ਵਿਚ ਮਾਸ ਪਾ ਕੇ ਸ਼ਹਿਰ ਵਿਚ ਲੈ ਆਉਂਦੇ, ਲੋਕਾਂ ਦੀ ਬੇਨਤੀ ਦੀ ਸਰਕਾਰ ਨੇ ਰਤਾ ਪਰਵਾਹ ਨਾ ਕੀਤੀ। ਸਗੋਂ ਮੁਸਲਮਾਨਾਂ ਦੇ ਖੁਰਾਕੀ ਹੱਕਾਂ ਦੀ ਹਾਮੀ ਭਰੀ।

ਬਾਬਾ ਜੀ ਨੇ ਹਿੰਦੂ ਜਨਤਾ ਦੀ ਹਮਦਰਦੀ ਜਿਤਣ ਖਾਤਰ ਗਊ ਰਖਿਆ ਨੂੰ ਆਪਣੇ ਧਰਮ ਦਾ ਅੰਗ ਬਣਾ ਲਿਆ। ਇਸ ਲਈ ਉਨ੍ਹਾਂ ਦੇ ਕਈ ਸੂਬੇ ਬੁਚੜਾਂ ਦੇ ਖਿਲਾਫ ਚੁਕਿਆ ਕੋਈ ਕਦਮ ਸਰਕਾਰ ਦੀ ਖਿਲਾਫਤ ਸਮਝਦੇ ਸਨ ਕਿਉਂਕਿ ਸਰਕਾਰ ਬੁਚੜਾਂ ਨੂੰ ਸ਼ਹਿ ਦੇ ਰਹੀ ਸੀ।

ਪਰ ਬਾਬਾ ਜੀ ਦੇ ਅੰਦੋਲਨ ਦਾ ਮਨੋਰਥ ਬਹੁਤ ਕਿਤੇ ਉਚੇਰਾ ਸੀ। ਇਸ ਲਈ ਬਾਬਾ ਜੀ ਨੇ ਬੁਚੜਾਂ ਦੇ ਖਿਲਾਫ ਕਿਸੇ ਕਾਰਵਾਈ ਲਈ ਪਰਵਾਨਗੀ ਨਾ ਦਿਤੀ। ਅਪ੍ਰਵਾਨਗੀ ਦੇ ਬਾਵਜੂਦ ਕੁਝ ਇਕ ਜੋਸ਼ੀਲੇ ਕੂਕਿਆਂ ਨੇ ੧੮੭੧ ਵਿਚ ਅੰਮ੍ਰਿਤਸਰ ਦੇ ਬੁਚੜਾਂ ਉਤੇ ਹਲਾ ਬੋਲ ਕੇ ਕਈਆਂ ਨੂੰ ਕਤਲ ਕਰ ਦਿਤਾ। ਗ੍ਰਿਫਤਾਰੀ ਕੋਈ ਨਾ ਹੋ ਸਕੀ। ਏਸ ਕਦਮ ਤੋਂ ਦਲੇਰੀ ਲੈ ਕੇ ਕੂਕਿਆਂ ਨੇ ਰਾਇਕੋਟ ਦੇ ਬੁਚੜਾਂ ਉਤੇ ਵੀ ਹਲਾ ਕਰ ਦਿਤਾ ਤੇ ਕਈ ਕਤਲ ਕਰ ਦਿਤੇ ਪਰ ਇਥੇ ਉਹ ਫੜੇ ਗਏ। ਪਹਿਲੇ ਕਾਤਲਾਂ ਦਾ ਵੀ ਪਤਾ ਚਲ ਗਿਆ। ਸਭਨਾਂ ਨੂੰ ਤੁਰੰਤ ਫਾਂਸੀ ਦੀ ਸਜ਼ਾ ਦੇ ਦਿਤੀ ਗਈ।

ਭਾਵੇਂ ਬਾਬਾ ਜੀ ਦਾ ਇਹ ਵਿਚਾਰ ਸਚ ਸੀ ਕਿ ਉਨ੍ਹਾਂ ਕੋਲੋਂ ਪੁਛਿਆ ਜ਼ਰੂਰ ਗਿਆ ਸੀ ਪਰ ਨਾ ਸਿਰਫ ਉਨ੍ਹਾਂ ਨੇ ਪ੍ਰਵਾਨਗੀ ਹੀ ਨਹੀਂ ਸੀ ਦਿਤੀ ਸਗੋਂ ਵਰਜਿਆ ਸੀ। ਫੇਰ ਵੀ ਸਰਕਾਰ ਨੇ ਬਾਬਾ ਜੀ ਨੂੰ ਭੈਣੀ ਸਾਹਿਬ ਵਿਚ ਨਜ਼ਰਬੰਦ ਕਰ ਦਿਤਾ।

ਏਸ ਨਜ਼ਰਬੰਦੀ ਨੇ ਕੋਈ ਫਰਕ ਨਾ ਪਾਇਆ। ਭੈਣੀ ਸਾਹਿਬ ਵਿਚ ਦਿਨ ਰਾਤ ਬਾਬਾ ਜੀ ਦੇ ਪ੍ਰੇਮੀਆਂ ਦਾ ਮੇਲਾ ਲਗਾ ਰਹਿੰਦਾ। ਕੂਕਿਆਂ ਦੀ ਤੁਰੰਤ ਫਾਂਸੀ ਨੇ ਕੂਕਿਆਂ ਨੂੰ ਭੜਕਾ ਦਿਤਾ ਸੀ ਤੇ ਭੜਕੇ ਹੋਏ ਕੂਕਿਆਂ ਨੇ ਪਹਿਲਾਂ ਮਲੌਦ ਉਤੇ ਹਮਲਾ ਕਰ ਦਿਤਾ ਤੇ ਫੇਰ ਮਲੇਰਕੋਟਲੇ ਦੇ ਨਵਾਬ ਉਤੇ। ਇਹ ਨਵਾਬ ਕਮਜ਼ੋਰ ਜਿਹਾ ਆਦਮੀ ਸੀ। ਕੂਕਿਆਂ ਨੇ ਧਾਰ ਲਿਆ ਕਿ ਮਲੇਰਕੋਟਲੇ ਦਾ ਅਸਲਾਖਾਨਾ ਲੁਟਕੇ ਉਹ ਇਕ ਵੱਡੀ ਬਗਾਵਤ ਖੜ ਦੇਣਗੇ। ਸ਼ਹਿਰ ਸ਼ਹਿਰ ਵਿਚ ਉਹ ਹਜ਼ਾਰਾਂ ਦੀ ਗਿਣਤੀ ਵਿਚ ਮਰਨ ਮਾਰਨ ਨੂੰ ਤਿਆਰ ਸਨ।

ਇਹ ਕਦਮ ਵੀ ਕੂਕਿਆਂ ਦਾ ਅਤਿ ਕਾਹਲਾ ਸੀ। ਉਨ੍ਹਾਂ ਨੇ ਸਾਰੀ ਅਵਸਥਾ ਨੂੰ ਗੰਭੀਰਤਾ ਨਾਲ ਨਾ ਵਿਚਾਰਿਆ, ਨਾ ਬਾਬਾ ਜੀ ਦਾ ਮਸ਼ਵਰਾ ਲਿਆ। ਮਲੇਰਕੋਟਲੇ ਦੇ ਹਮਲੇ ਸਮੇਂ ਕਈ ਕੂਕੇ ਮਾਰੇ ਗਏ ਤੇ ਕੋਈ ੬੦-੭੦ ਫੜੇ ਗਏ।

ਲੁਧਿਆਣੇ ਦਾ ਡਿਪਟੀ ਕਮਿਸ਼ਨਰ ਬੜਾ ਅਖੱੜ ਅੰਗਰੇਜ਼ ਸੀ। ਉਸ ਨੇ ਆਪਣੇ ਕਮਿਸ਼ਨਰ ਦੀ ਵੀ ਇਕ ਨਾ ਸੁਣੀ ਤੇ ਆਪਣੇ ਸਿਰ ਜ਼ਿੰਮੇਵਾਰੀ ਲੈ ਕੇ ਸੱਠ ਸੱਠ ਕੂਕਿਆਂ ਨੂੰ ਤੋਪਾਂ ਨਾਲ ਬੰਨ੍ਹਕੇ ਉਡਾ ਦਿਤਾ ਤੇ ਸਰਕਾਰ ਨੂੰ ਲਿਖ ਘਲਿਆ ਕਿ ਇਹੋ ਜਿਹਾ ਸਬਕ ਐਨ ਵੇਲੇ ਨਾ ਸਿਖਾਇਆ ਜਾਂਦਾ ਤਾਂ ਇਹ ਕੂਕੇ ੧੮੫੭ ਨਾਲੋਂ ਵਡੇਰਾ ਤੇ ਸਫਲ ਗਦਰ ਮਚਾ ਦੇਣ ਦੀ ਸਮਰਥਾ ਪੈਦਾ ਕਰ ਚੁਕੇ ਸਨ।

ਏਸ ਡਿਪਟੀ ਕਮਿਸ਼ਨਰ ਨੂੰ ਭਾਵੇਂ ਉਪਰਲੀ ਸਰਕਾਰ ਨੇ ਪਿੰਨਸ਼ਨ ਦੇ ਕੇ ਵਲੈਤ ਤੋਰ ਦਿਤਾ ਪਰ ਉਹਦੀ ਰਿਪੋਰਟ ਨੂੰ ਸਹੀ ਮੰਨ ਲਿਆ ਕਿ ਕੂਕੇ ੧੮੫੭ ਨਾਲੋਂ ਵਡੇਰਾ ਗਦਰ ਮਚਾਣ ਹੀ ਵਾਲੇ ਸਨ। ਇਸ ਲਈ ਬਾਬਾ ਜੀ ਨੂੰ ੧੮੭੨ ਵਿਚ ਬਿਨਾਂ ਮੁਕਦਮਾ ਚਲਾਏ ਜਲਾਵਤਨ ਕਰਕੇ ਬਰਮਾ ਭੇਜ ਦਿਤਾ ਗਿਆ।

ਕੂਕਿਆਂ ਨੇ ਫੇਰ ਵੀ ਦਿਲ ਨਾ ਛੱਡਿਆ। ਅਗੇ ਨਾਲੋਂ ਵੀ ਵਧ ਉਨ੍ਹਾਂ ਦੀ ਗਿਣਤੀ ਹੋ ਰਹੀ ਤੇ ਮਨ ਦੀ ਕਲਾ ਉਤਾਂਹ ਚੜ੍ਹਣ ਲਗ ਪਈ। ਬਰਮਾ ਤੋਂ ਬਾਬਾ ਜੀ ਦੇ ਸੁਨੇਹੇ ਲਗਾਤਾਰ ਤੇ ਛੇਤੀ ਛੇਤੀ ਆਉਂਦੇ ਰਹੇ। ਡਾਕ ਰਾਹੀਂ ਨਹੀਂ ਉਨ੍ਹਾਂ ਦੇ ਆਪਣੇ ਸਿੱਖ ਆਪ ਪਹੁੰਚ ਕੇ ਰੂਸ, ਨੇਪਾਲ, ਕਸ਼ਮੀਰ ਤੇ ਭੈਣੀ ਸਾਹਿਬ ਵਿਚ ਸੰਗਤਾਂ ਨੂੰ ਉਨ੍ਹਾਂ ਦੇ ਸੰਦੇਸ਼



Sri Satguru Jagjit Singh Ji eLibrary NamdhariElibrary@gmail.com

ਪਹੁੰਚਾਂਦੇ ਸਨ। ਰੂਸ ਵਿਚ ਉਨ੍ਹਾਂ ਦਾ ਇਕ ਬੜਾ ਹੁਸ਼ਿਆਰ ਸੂਬਾ ਗਿਆਨ ਸਿੰਘ ਸੀ। ਸੂਬਾ ਗੁਰਚਰਨ ਸਿੰਘ ਨੇ ਕਈ ਚੱਕਰ ਪਰਦੇਸਾਂ ਵਿਚ ਲਾਏ।

੧੮੮੫ ਵਿਚ ਬਾਬਾ ਜੀ ਦਾ ਦੇਹਾਂਤ ਹੋ ਗਿਆ ਪਰ ਕੂਕਿਆਂ ਦਾ ਇਹ ਵਿਸ਼ਵਾਸ ਹੈ ਕਿ ਬਾਬਾ ਜੀ ਅਮਰ ਹਨ, ਉਹ ਅਜੇ ਵੀ ਸੁਰਜੀਤ ਹਨ। ਇਸ ਵਿਸ਼ਵਾਸ ਨੇ ਕੂਕਿਆਂ ਨੂੰ ਡੋਲਣ ਨਾ ਦਿਤਾ।

ਤੇ ਜਦੋਂ ਮਹਾਰਾਜਾ ਦਲੀਪ ਸਿੰਘ ਅੰਗਰੇਜ਼ਾਂ ਕੋਲੋਂ ਉਪਰਾਮ ਹੋ ਕੇ ਮੁੜ ਸਿਖ ਸਜਣ ਬਾਦ ਇੰਗਲੈਂਡ ਹਮੇਸ਼ਾ ਲਈ ਛਡਕੇ ੧੮੮੬ 'ਚ ਰੂਸ ਚਲਾ ਗਿਆ ਤਾਂ ਕੂਕਿਆਂ ਨੇ ਉਸਦੇ ਨਾਲ ਤਾਲਮੇਲ ਪੈਦਾ ਕੀਤਾ। ਰੂਸੀ ਸਰਕਾਰ ਉਸ ਸਮੇਂ ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਨਾਲ ਸਰਹੱਦੀ ਝਗੜੇ ਕਰਕੇ ਨਾਰਾਜ਼ ਸੀ। ਰੂਸੀ ਸਰਕਾਰ ਬਾਬਾ ਰਾਮ ਸਿੰਘ ਜੀ ਦੇ ਸੰਦੇਸ਼ਿਆਂ ਦਾ ਉਤਰ ਹਮਦਰਦੀ ਤੇ ਆਦਰ ਨਾਲ ਦੇਂਦੀ ਰਹੀ ਸੀ। ਮਹਾਰਾਜਾ ਦਲੀਪ ਸਿੰਘ ਦਾ ਵੀ ਉਹਨਾਂ ਨੇ ਸਵਾਗਤ ਕੀਤਾ ਤੇ ਹੋ ਸਕਦਾ ਸੀ ਰੂਸੀ ਸਰਕਾਰ ਮਹਾਰਾਜੇ ਦੀ ਮਦਦ ਲਈ ਤਿਆਰ ਵੀ ਹੋ ਜਾਂਦੀ ਪਰ ਪੰਜਾਬੀ ਰਾਜਿਆਂ ਤੇ ਪੰਜਾਬੀ ਖਾਲਸਾ ਦੀਵਾਨ ਨੇ ਮਹਾਰਾਜੇ ਦਾ ਦਿਲ ਹੀ ਤੋੜ ਦਿਤਾ। ਮਹਾਰਾਜੇ ਨੇ ਇਕ ਚਿਠੀ ਪੱਤਰ ਪੰਜਾਬੀ ਲੋਕਾਂ ਨੂੰ ਘਲੀ ਸੀ ਕਿ ਜੇ ਉਹ ਚਾਹੁਣ ਤਾਂ ਉਹ ਪੰਜਾਬ ਆਉਣ ਨੂੰ ਤਿਆਰ ਹੈ ਤੇ ਰੂਸੀ ਸਰਕਾਰ ਉਸਦੀ ਮਦਦਗਾਰ ਹੈ। ਪੰਜਾਬ ਤੋਂ ਬਹੁਤ ਸਾਰੇ ਦਸਤਖਤਾਂ ਹੇਠ ਇਕ ਬੇਦਾਅਵਾ ਪੱਤਰ ਮਹਾਰਾਜੇ ਨੂੰ ਪਹੁੰਚਾ। ਇਸ ਬੇਦਾਅਵੇ ਵਿਚ ਤਾੜਨਾ ਕੀਤੀ ਸੀ ਕਿ ਮਹਾਰਾਜਾ ਪੰਜਾਬ ਦਾ ਅਮਨ ਭੰਗ ਕਰਨ ਲਈ ਹਰਗਿਜ਼ ਹਰਗਿਜ਼ ਪੰਜਾਬ ਨਾ ਆਵੇ ਅਤੇ ਏਥੇ ਕੋਈ ਮਦਦਗਾਰ ਨਹੀਂ।

ਰੂਸੀ ਸਰਕਾਰ ਦਾ ਉਤਸ਼ਾਹ ਜਿਹੜਾ ਕੂਕਿਆਂ ਨੇ ਬਣਾਇਆ ਹੋਇਆ ਸੀ, ਠੰਡਾ ਪੈ ਗਿਆ। ਮਹਾਰਾਜਾ ਉਥੋਂ ਰਵਾਨਾ ਹੋ ਕੇ ਫਰਾਂਸ ਆ ਗਿਆ, ਜਿਥੇ ਉਹਨੂੰ ਅਧਰੰਗ ਹੋ ਗਿਆ ਤੇ ਕੁਝ ਦੇਰ ਬਿਮਾਰ ਰਹਿ ਕੇ ਉਹ ਉਥੇ ਹੀ ਮਰ ਗਿਆ। ਉਹ ਇੰਗਲੈਂਡ ਨਾ ਗਿਆ।

ਕੂਕਿਆਂ ਨੇ ਬੜੀ ਤਿਆਰੀ ਕੀਤੀ ਹੋਈ ਸੀ ਕਿ ਮਹਾਰਾਜਾ ਦਲੀਪ ਸਿੰਘ ਰੂਸੀ ਹਮਾਇਤ ਨਾਲ ਹਿੰਦੁਸਤਾਨ ਆ ਰਿਹਾ ਹੈ। ਚਾਰ ਲੱਖ ਕੂਕੇ ਉਹਦੀ ਅਰਦਲ ਵਿਚ ਹੋਣਗੇ ਤੇ ਪੰਜਾਬੀਆਂ ਤੇ ਖਾਸ ਕਰ ਸਿਖਾਂ ਦਾ ਜੋਸ਼ ਇਸ ਕਦਰ ਠਾਠਾਂ ਮਾਰੇਗਾ ਕਿ ਉਹ ਤੋਪਾਂ ਨਾਲ ਉਡਾਏ ਜਾਣ ਦਾ



ਬਦਲਾ ਕੇਵਲ ਅੰਗਰੇਜ਼ਾਂ ਕੋਲੋਂ ਲੈ ਸਕਣਗੇ।

ਪਰ ਇਹ ਉਨ੍ਹਾਂ ਦੀ ਉਮੰਗ ਪੂਰੀ ਨਾ ਹੋਈ ਕਿਉਂਕਿ ਅੰਗਰੇਜ਼ ਸਰਕਾਰ ਦੇ ਝੋਲੀਚੁਕਾਂ ਦੀ ਗਿਣਤੀ ਸਾਰੇ ਪੰਜਾਬ ਵਿਚ ਵਧ ਚੁਕੀ ਸੀ।

ਉਸ ਸਮੇਂ ਭਾਰਤ ਵਿਚ ਆਜ਼ਾਦੀ ਦੀ ਲਹਿਰ ਉਠਣੀ ਸ਼ੁਰੂ ਹੋ ਗਈ ਸੀ। ਕੌਮੀ ਕਾਂਗਰਸ ਅਸਥਾਪਨ ਹੋ ਚੁਕੀ ਸੀ। ਜਿਦ੍ਹੇ ਵਿਚ ਪਹਿਲਾਂ ਤਾਂ ਸਿਰਫ ਉਹੀ ਵਡੇ ਵਡੇ ਲੋਕ ਸ਼ਾਮਲ ਸਨ ਜਿਹੜੇ ਅੰਗਰੇਜ਼ੀ ਸਰਕਾਰ ਕੋਲੋਂ ਆਪਣੇ ਲੋਕਾਂ ਲਈ ਥੋੜੇ ਬਹੁਤ ਹੱਕਾਂ ਦੀ ਮੰਗ ਕਰਦੇ ਸਨ। ਵਧਦੇ ਵਧਦੇ ਇਹ ਲਹਿਰ ਸਵਰਾਜ ਦੀ ਜੰਗ ਬਣ ਗਈ ਓਦੋਂ ਕੂਕਿਆਂ ਨੇ ਕਾਂਗਰਸ ਨੂੰ ਹਰ ਮਿਲਵਰਤਣ ਦਿਤੀ।

ਭਾਰਤ ਵਿਚ ਇਹੀ ਇਕ ਧਾਰਮਿਕ ਸੰਸਥਾ ਸੀ ਜਿਸ ਨੇ ਦੇਸ਼ ਦੀ ਆਜ਼ਾਦੀ ਲਈ ਹਰ ਸੰਗਰਾਮ ਵਿਚ ਭਾਗ ਲਿਆ। ਗਦਰੀ ਬਾਬਿਆਂ ਦੇ ਪਰੇਰਕ ਵੀ ਕੂਕੇ ਸਨ। ਬਾਬਾ ਸੋਹਨ ਸਿੰਘ ਭਕਨਾ, ਗਦਰ ਤਹਿਰੀਕ ਦੇ ਮੋਢੀ ਆਪਣੀ ਜੀਵਨੀ ਵਿਚ ਲਿਖਦੇ ਹਨ ਕਿ ਉਨ੍ਹਾਂ ਨੇ ਮੂਲ ਪ੍ਰੇਰਨਾ ਬਾਬਾ ਕੇਸਰ ਸਿੰਘ (ਕੂਕਾ) ਕੋਲੋਂ ਲਈ ਸੀ। ਹੋਰ ਜਿੰਨੀਆਂ ਵੀ ਧਾਰਮਿਕ ਸੰਸਥਾਵਾਂ ਸਾਡੇ ਦੇਸ਼ ਵਿਚ ਸਨ ਉਹ ਹਰ ਵਕਤੀ ਸਰਕਾਰ ਦੀਆਂ ਵਫ਼ਾਦਾਰ ਰਹੀਆਂ ਹਨ ਕਿਸੇ ਨੇ ਇਸ ਇਨਕਲਾਬੀ ਅੰਦੋਲਨ ਨੂੰ ਗੌਲਿਆ ਤਕ ਨਹੀਂ।

ਗਾਂਧੀ ਜੀ ਦੇ ਸਮੇਂ ਕੂਕਿਆਂ ਨੇ ਗਾਂਧੀ ਜੀ ਦੀਆਂ ਸਵਦੇਸ਼ੀ ਤੇ ਸਤਿਆਗ੍ਰਹਿ ਤਹਿਰੀਕਾਂ ਨੂੰ ਪੂਰੇ ਤਨ, ਮਨ ਨਾਲ ਅਪਣਾਇਆ। ੧੯੫੦ ਵਿਚ ਸੰਸਾਰ ਅਮਨ ਤਹਿਰੀਕ ਆਰੰਭ ਹੋਈ ਤੇ ਜਦੋਂ ਇਸ ਨੇ



Sri Satguru Jagjit Singh Ji eLibrary NamdhariElibrary@gmail.com



ਸ਼ੋਰ ਫੜਿਆ ਤਾਂ ਨਾਮਧਾਰੀ ਪੰਥ ਨੇ ਉਸਦੀ ਪੂਰੀ ਸਹਾਇਤਾ ਕੀਤੀ। ਮਹਾਰਾਜਾ ਜਗਜੀਤ ਸਿੰਘ ਜੀ ਨੇ ਸਰਬ ਹਿੰਦ ਅਮਨ ਕੌਂਸਲ ਦੀ ਮੀਤ ਪ੍ਰਧਾਨਗੀ ਵੀ ਪ੍ਰਵਾਨ ਕੀਤੀ ਤੇ ਯੂਰਪ ਵਿਚ ਜਾ ਕੇ ਅਮਨ ਕਾਨਫਰੰਸਾਂ ਵਿਚ ਹਿਸਾ ਲਿਆ। ਬਾਕੀ ਭਾਰਤ ਦੀਆਂ ਧਾਰਮਿਕ ਸੰਸਥਾਵਾਂ ਉਸ ਤਹਿਰੀਕ ਨੂੰ ਆਮ ਕਰਕੇ ਅਛੂਤ ਹੀ ਸਮਝਦੀਆਂ ਹਨ।

ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਚਲਾਏ ਨਾਮਧਾਰੀ ਪੰਥ ਨੂੰ ਹਾਰਦਿਕ ਸ਼ਰਧਾਂਜਲੀ ਦੇਂਦਾ ਹੋਇਆ ਇਸ ਪੰਥ ਦੇ ਵਰਤਮਾਨ ਸਤਿਗੁਰੂ ਮਹਾਰਾਜ ਜਗਜੀਤ ਸਿੰਘ ਹੋਰਾਂ ਦੀ ਸੇਵਾ ਵਿਚ ਇਕ ਸੁਝਾਅ ਰਖਣ ਦੀ ਆਗਿਆ ਮੰਗਦਾ ਹਾਂ।

ਬਾਬਾ ਰਾਮ ਸਿੰਘ ਜੀ ਵਿਦਿਆ ਨੂੰ ਬਹੁਤ ਮਹੱਤਵ ਦੇਂਦੇ ਸਨ। ਪਰ ਅੰਗਰੇਜ਼ੀ ਸਕੂਲਾਂ, ਕਾਲਜਾਂ ਦਾ ਬਾਈਕਾਟ ਕਰਨ ਕਰਕੇ ਉਚ ਵਿਦਿਆ ਵਿਚ ਨਾਮਧਾਰੀ ਪੰਥ ਕੁਝ ਪਛੜਿਆ ਰਹਿ ਗਿਆ ਹੈ। ਇਸ ਪੰਥ ਕੋਲ ਵਸੀਲਿਆਂ ਦੀ ਕੋਈ ਘਾਟ ਨਹੀਂ। ਪੰਥ ਆਪਣੇ ਕਾਲਜ ਤੇ ਪੋਲੀਟੈਕਨਿਕ ਸਕੂਲ ਖੋਲ੍ਹੇ। ਪੰਥ ਦੇ ਸਿਖਾਂ ਵਿਚ ਰਾਮਗੜ੍ਹੀਆਂ ਦੀ ਗਿਣਤੀ ਚੋਖੀ ਹੈ। ਰਾਮਗੜ੍ਹੀਏ ਜਮਾਂਦਰੂ ਇੰਜਨੀਅਰ ਹਨ। ਇਹਨਾਂ ਨੇ ਦੁਨੀਆਂ ਭਰ ਵਿਚ ਹੁਨਰਮੰਦੀ ਦਾ ਨਾਮਣਾ ਖਟਿਆ ਹੈ। ਇਹਨਾਂ ਲਈ ਲੋੜੀਂਦੀਆਂ ਸਹੂਲਤਾਂ ਪੈਦਾ ਕਰਕੇ ਤੁਸੀਂ ਤੀਜੇ ਅਤਿ ਲੋੜੀਂਦੇ ਆਰਥਕ ਸੰਗਰਾਮ ਵਿਚ ਸ਼ਾਨਦਾਰ ਹਿਸਾ ਪਾ ਸਕੋਗੇ। ਗੁਰੂ ਗੋਬਿੰਦ ਸਿੰਘ ਜੀ ਦੇ ਅੰਦੋਲਨ ਨੇ ਸਾਨੂੰ ਮੁਗਲਾਂ ਦੀ ਗੁਲਾਮੀ ਤੋਂ ਸੁਰਖਰੂ ਕਰਾਇਆ। ਬਾਬਾ ਰਾਮ ਸਿੰਘ ਜੀ ਦਾ ਅੰਦੋਲਨ ਅੰਗਰੇਜ਼ਾਂ ਕੋਲੋਂ ਸਾਡੀ ਬੰਦਖਲਾਸੀ ਵਿਚ ਸੰਪੂਰਨ ਹੋਇਆ ਪਰ ਜਿੰਨਾ ਚਿਰ ਅਸੀਂ ਆਰਥਕ ਆਜ਼ਾਦੀ ਪ੍ਰਾਪਤ ਨਹੀਂ ਕਰ ਲੈਂਦੇ ਉਨਾ ਚਿਰ ਸਾਡੀ ਸਿਆਸੀ ਆਜ਼ਾਦੀ ਨਿਹਫਲ ਰਹੇਗੀ।

ਅਜ ਜਨਤਾ ਜੂਝ ਰਹੀ ਹੈ ਸਰਮਾਏਦਾਰੀ ਦੇ ਫੌਲਾਦੀ ਪੰਜੇ ਵਿਚੋਂ ਨਿਕਲਣ ਲਈ। ਇਸ ਸੰਗਰਾਮ ਵਿਚ ਤੁਸੀਂ ਜਨਤਾ ਦੀ ਬੜੀ ਮਦਦ ਕਰ ਸਕਦੇ ਹੋ। ਧਾਰਮਿਕ ਵਹਿਮਾਂ ਭਰਮਾਂ ਤੋਂ ਆਪਣੇ ਸਿਖਾਂ ਨੂੰ ਸੁਤੰਤਰ ਕਰਕੇ ਉਪਣੀ ਚਰਿਤਰ ਉਤੇ ਬਾਬਾ ਰਾਮ ਸਿੰਘ ਜੀ ਵਾਂਗ ਜ਼ੋਰ ਦੇਂਦੇ ਹੋਏ ਤੁਸੀਂ ਆਪਣੇ ਪੰਥ ਨੂੰ ਵਿਦਿਆ ਤੇ ਹੁਨਰ ਦੇ ਖੇਤਰ ਦੀਆਂ ਮੋਹਰਲੀਆਂ ਸਫ਼ਾਂ ਵਿਚ ਲਿਆ ਖੜਾ ਕਰੋ।

ਬਾਬਾ ਰਾਮ ਸਿੰਘ ਜੀ ਦੀ ਆਤਮਾ ਨਾਮਧਾਰੀ ਪੰਥ ਵਿਚ ਅਜੇ ਵੀ ਇਕ ਪ੍ਰਬਲ ਪਰੇਰਨਾ ਹੈ। ਇਹ ਪਰੇਰਨਾ ਦੇ ਖੰਭਾਂ ਉਤੇ ਉਡਾਰੀਆਂ ਆਪਣੇ ਸਿਖਾਂ ਨੂੰ ਲੁਆਵੋ। ਮਸਤਾਨਗੀ ਦੀ ਥਾਂ ਬਾਬਾ ਜੀ ਵਾਲੀ ਗੰਭੀਰਤਾ ਤੇ ਦੂਰ ਦ੍ਰਿਸ਼ਟੀ ਦਾ ਆਦਰਸ਼ ਸਰਬ ਪਿਆਰਾ ਕਰ ਦਿਉ।

ਬਾਬਾ ਰਾਮ ਸਿੰਘ ਜੀ ਦੀ ਸੁੱਚੀ ਤੇ ਨਿਰਨਾਤੀਸੀ ਸੁਹਪਣ ਦੀ ਝਲਕ ਆਤਮਾ ਨੂੰ ਸ਼ਰਧਾਂਜਲੀ ਅਰਪਿਤ ਕਰਦਾ ਹੋਇਆ ਮੈਂ ਨਾਮਧਾਰੀ ਪੰਥ ਕੋਲੋਂ ਇਨਕਲਾਬੀ ਸੋਚਣੀ ਦੀ ਆਸ ਰਖਦਾ ਹਾਂ।

×



Sri Satguru Jagjit Singh Ji eLibrary NamdhariElibrary@gmail.com

# ਨਾਮਧਾਰੀਆਂ ਦੇ ਰੂਸ ਨਾਲ ਸਬੰਧ

—ਦਵਿੰਦਰ ਸਿੰਘ ਗਿਲ

ਨਾਮਧਾਰੀ ਸਿਖ, ਸੱਚੇ ਤੇ ਸੂਚੇ ਦੇਸ਼ ਭਗਤ ਅਤੇ ਸੁਤੰਤਰਤਾ ਸੰਗ੍ਰਾਮੀਏ ਹਨ ਇਹਨਾਂ ਨੇ ਦੇਸ਼ ਖਾਤਰ ਤਨ, ਮਨ ਧਨ ਵਾਰ ਦਿਤਾ ਅਤੇ ਇਹਨਾਂ ਦੀਆਂ ਅਥਾਹ ਕੁਰਬਾਨੀਆਂ ਕਾਰਨ ੧੯੪੭ ਈਸਵੀ ਵਿਚ ਭਾਰਤ ਦੇਸ਼ ਅਜ਼ਾਦ ਹੋਇਆ। ਇਸ ਲਹਿਰ ਦਾ ਓਦੋਂ ਜਨਮ ਹੋਇਆ ਜਦੋਂ ਹਿੰਦੋਸਤਾਨ ਤੇ ਗੁਲਾਮੀ ਦੇ ਬੱਦਲ ਮੰਡਲਾ ਰਹੇ ਸਨ ਅਤੇ ਅਜ਼ਾਦੀ ਦੀ ਕਿਰਨ ਕਿਤੇ ਵੀ ਉਜਾਗਰ ਹੁੰਦੀ ਦਿਖਾਈ ਨਹੀਂ ਸੀ ਦੇ ਰਹੀ। ਉਸ ਸਮੇਂ ਲੁਧਿਆਣਾ ਜ਼ਿਲੇ ਦੇ ਇਕ ਗੁੰਮ ਨਾਮ ਪਿੰਡ ਭੈਣੀ ਅਰਾਈਆਂ ਵਿਖੇ ਜੱਸਾ ਸਿੰਘ ਜੀ ਤ੍ਰਖਾਣ ਦੇ ਘਰ ਸਤਿਗੁਰੂ ਰਾਮ ਸਿੰਘ ਜੀ ਨੇ ਜਨਮ ਲਿਆ ਜਿਹਨਾਂ ਨੇ ੧੮੫੭ ਈਸਵੀ ਦੀ ਵਿਸਾਖੀ ਨੂੰ "ਸੰਤ ਖਾਲਸਾ" ਦੀ ਸਾਜਨਾ ਕਰਕੇ ਨਿਆਸਰੇ ਪੰਜਾਬੀਆਂ ਦੀ ਬਾਂਹ ਫੜੀ ਅਤੇ ਉਹਨਾਂ ਨੂੰ ਸੁਚੱਜੀ ਸੇਧ ਬਖਸ਼ੀ।

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਿਲਵਰਤਨ ਅੰਦੋਲਨ ਸ਼ੁਰੂ ਕਰ ਦਿਤਾ ਅਤੇ ਅੰਗਰੇਜ਼ ਦੀ ਹਰ ਵਸਤ ਦਾ ਮੁਕੰਮਲ ਤੌਰ ਤੇ ਬਾਈਕਾਟ ਕਰ ਦਿਤਾ। ਇਥੇ ਹੀ ਬਸ ਨਹੀਂ ਆਪ ਜੀ ਨੇ ਹਿੰਦੋਸਤਾਨ ਵਿਚ ਪੂਰਨ ਸਵਰਾਜ ਲਿਆਉਣ ਖਾਤਰ ਪੰਜਾਬ ਦੇ ਨੇੜੇ ਦੀਆਂ ਰਿਆਸਤਾਂ ਅਤੇ ਦੇਸ਼ ਨਾਲ ਸੰਬੰਧ ਕਾਇਮ ਕੀਤੇ ਅਤੇ ਤੋਹਫਿਆਂ ਦੇ ਆਦਾਨ ਪ੍ਰਦਾਨ ਹੁੰਦੇ ਰਹਿੰਦੇ। ਇਸ ਤੋਂ ਬਿਨਾ ਸਤਿਗੁਰੂ ਜੀ ਦੇਸ਼ ਦੀ ਰਾਜਨੀਤਕ ਹਾਲਤ ਦਾ ਵੀ ਜਾਇਜ਼ਾ ਲੈਂਦੇ ਰਹਿੰਦੇ ਅਤੇ ਅਜ਼ਾਦੀ ਦੀ ਜੋਤ ਪ੍ਰਚੰਡ ਕਰਨ ਲਈ ਪੰਜਾਬ ਦੇ ਵਖ ਵਖ ਜ਼ਿਲਿਆਂ ਦਾ ਦੌਰਾ ਕਰਦੇ ਅਤੇ ਧਰਮ ਪ੍ਰਚਾਰ ਦੇ ਨਾਲ ਲੋਕਾਂ ਨੂੰ ਗੁਲਾਮੀ ਦਾ ਜੂਲਾ ਲਾਹੁਣ ਦੀ ਪਰੇਰਨਾ ਕਰਦੇ। ਆਪ ਜੀ ਦੀ ਪਰੇਰਨਾ ਸਦਕਾ ਸੂਬਾ ਸਾਹਿਬ ਸਿੰਘ ਅਤੇ ਸੂਬਾ ਕਾਹਨ ਸਿੰਘ ਜੀ ਨੇਪਾਲ ਗਏ ਸਨ। ਇਸ ਤੋਂ ਇਲਾਵਾ ਕਸ਼ਮੀਰ ਦੇ ਮਹਾਰਾਜਾ ਨੇ ਆਪਣੀ ਰਿਆਸਤ ਵਿਚ ਕੂਕਿਆਂ ਤੋਂ ਪ੍ਰਭਾਵਤ ਹੋ ਕੇ "ਕੂਕਾ ਪਲਟਨ" ਆਪਣੀ ਫ਼ੌਜ ਵਿਚ ਕਾਇਮ ਕਰਨ ਦੀ ਇਜਾਜ਼ਤ ਦਿਤੀ ਸੀ। ਇਕ ਲੇਖਕ ਸ੍ਰੀ ਲਿਕ ਲਾਲ ਜੀ ਨੇ ੧੧ ਮਈ ੧੯੫੭ ਦੇ "ਟ੍ਰਿਬਿਊਨ" ਦੇ ਅੰਕ



ਬਾਬਾ ਗੁਰਚਰਨ ਸਿੰਘ : ਰੂਸ ਨਾਲ ਸੰਪਰਕ

ਵਿਚ ਲਿਖਿਆ ਸੀ। "ਆਪਣੇ ਰਾਜਸੀ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਗੁਰੂ ਰਾਮ ਸਿੰਘ ਨੇ ਨਿਪਾਲ, ਭੂਟਾਨ, ਕਸ਼ਮੀਰ ਆਦਿ ਸਰਹੱਦੀ ਪ੍ਰਾਂਤਾਂ ਵਿਚ ਆਪਣੀਆਂ ਸਰਗਰਮੀਆਂ ਦਾ ਜਾਲ ਵਿਛਾਇਆ ਹੋਇਆ ਸੀ। ਆਪ ਨੇ ਨਾਮਧਾਰੀ ਰਾਜਦੂਤਾਂ ਰਾਹੀਂ ਹਾਕਮਾਂ ਨਾਲ ਸੰਬੰਧ ਕਾਇਮ ਕੀਤੇ ਹੋਏ ਸਨ। ਕਹਿਆ ਜਾਂਦਾ ਹੈ ਕਿ ਗੁਰੂ ਰਾਮ ਸਿੰਘ ਨੇ ਰਾਣੀ ਝਾਂਸੀ ਅਤੇ ੧੮੫੭ ਦੇ ਗਦਰ ਨਾਲ ਸੰਬੰਧਤ ਹੋਰ ਆਗੂਆਂ ਨਾਲ ਸੰਬੰਧ ਕਾਇਮ ਕੀਤੇ ਹੋਏ ਸਨ। ਉਹ ਬੰਦੀ ਖਾਨੇ ਵਿਚੋਂ ਵੀ ਰੂਸੀ ਤੁਰਕਸਤਾਨ ਦੇ ਗਵਰਨਰ ਰਾਹੀਂ ਰੂਸ ਨਾਲ ਚਿੱਠੀ ਚਪੱਠੀ ਰਖਦੇ ਸੀ"।

ਜਦੋਂ ਅੰਗਰੇਜ਼ ਸਰਕਾਰ ਨੂੰ ਸਤਿਗੁਰੂ ਰਾਮ ਸਿੰਘ ਜੀ ਦੀਆਂ ਦੇਸ਼ ਭਗਤੀ ਦੀਆਂ ਸਰਗਰਮੀਆਂ ਅਤੇ ਨਾਮਿਲਵਰਤਨ ਅੰਦੋਲਨ ਬਾਰੇ ਪਤਾ ਲਗਾ ਤਾਂ ਉਦੋਂ ਤੋਂ ਹੀ ਉਹਨਾਂ ਉਤੇ ਕਰੜੀ ਨਜ਼ਰ ਰਖੀ ਜਾਣ ਲਗੀ ਅਤੇ ਨਾਮਧਾਰੀਆਂ ਬਾਰੇ ਸਰਕਾਰੀ ਕਰਿੰਦੇ ਝੂਠੀਆਂ ਸੱਚੀਆਂ ਰਿਪੋਰਟਾਂ ਭੇਜਦੇ ਰਹਿੰਦੇ। ੧੮੫੭ ਗਦਰ ਤੋਂ ਬਾਅਦ ਕੋਈ ਸਿਆਣਾ ਆਗੂ ਹਿੰਦੋਸਤਾਨ ਵਿਚ ਨਹੀਂ ਸੀ ਰਹਿ ਗਿਆ ਜੋ ਕਿ ਨਾਮਿਲਵਰਤਣ ਦੀ ਲਹਿਰ



Sri Satguru Jagjit Singh Ji eLibrary NamdhariElibrary@gmail.com

ਨੂੰ ਉਜਾਗਰ ਕਰੇ ਅਤੇ ਦੇਸ਼ ਭਗਤੀ ਦਾ ਬੀਜ ਲੋਕਾਂ ਦੇ ਮਨਾਂ ਵਿਚ ਬੀਜੇ ਪਰੰਤੂ ਇਹ ਕੰਮ ਸਤਿਗੁਰੂ ਰਾਮ ਸਿੰਘ ਜੀ ਨੇ ਕਰ ਵਿਖਾਇਆ। ਉਹਨਾਂ ਦੀ ਦੇਸ਼ ਭਗਤੀ ਦੀ ਪ੍ਰੇਰਨਾ ਨੇ ਕਾਬਲ ਦੇਸ਼ ਦੇ ਰਾਜ ਘਰਾਣੇ ਨੂੰ ਮੋਹ ਲਿਆ। ਕਾਬਲ ਦੇ ਰਾਜਘਰਾਣੇ ਨਾਲ ਸਬੰਧ ਰਖਣ ਵਾਲੇ ਦੋ ਸਾਹਿਬਜ਼ਾਦੇ ਸਤਿਗੁਰੂ ਰਾਮ ਸਿੰਘ ਜੀ ਕੋਲ ਸ੍ਰੀ ਭੈਣੀ ਸਾਹਿਬ ਪਹੁੰਚੇ ਤਾਂ ਸਰਕਾਰ ਬੜੀ ਹੈਰਾਨ ਹੋਈ ਅਤੇ ਸਰਕਾਰ ਦੇ ਗੁਪਤਚਰ ਵਿਭਾਗ ਨੇ ਸਿਰਤੋੜ ਯਤਨ ਕੀਤੇ ਕਿ ਇਸ ਬਾਬਤ ਮਿਸ਼ਨ ਬਾਰੇ ਜਾਣਕਾਰੀ ਹਾਸਲ ਹੋਵੇ ਪਰ ਸਰਕਾਰ ਅਸਫਲ ਰਹੀ। ਇਸ ਬਾਰੇ ੧੮੬੭ ਈਸਵੀ ਨੂੰ ਕਪਤਾਨ ਬੰਲੀ ਡੀ. ਆਈ. ਜੀ. ਪੁਲੀਸ ਨੇ ਕੇਂਦਰ ਨੂੰ ਭੇਜੀ ਰਿਪੋਰਟ ਵਿਚ ਲਿਖਿਆ ਸੀ:-

"ਉਹਨਾਂ-(ਕਾਬਲ ਦੇ ਸਾਹਿਬਜ਼ਾਦਿਆਂ) ਦੇ ਇਸ ਸਫਰ ਸੰਬੰਧੀ ਠੀਕ ਉਦੇਸ਼ ਦਾ ਪਤਾ ਨਹੀਂ ਲਗ ਸਕਿਆ ਪਰੰਤੂ ਇਹ ਗੱਲ ਹੈਰਾਨੀ ਵਾਲੀ ਹੈ ਕਿ ਇਕ ਪੇਂਡੂ ਤਰਖਾਣ ਦੀ ਸ਼ੁਹਰਤ ਕਿਥੋਂ ਕਿਥੋਂ ਤਕ ਪੁਜ ਚੁਕੀ ਹੈ।"

ਸਤਿਗੁਰੂ ਰਾਮ ਸਿੰਘ ਜੀ ਕਈ ਵਾਰੀ ਅਗੰਮੀ ਭਵਿਖਬਾਣੀ ਕਰਿਆ ਕਰਦੇ ਸਨ ਕਿ ਕਿਸੇ ਸਮੇਂ ਰੂਸ, ਜ਼ਰੂਰ ਪੰਜਾਬ ਤੇ ਹਮਲਾ ਕਰੇਗਾ ਅਤੇ ਤਬਾਹੀ ਮਚ ਜਾਏਗੀ ਪੰਜਾਬ ਤੋਂ ਅੰਗਰੇਜ਼ ਹਕੂਮਤ ਦਾ ਕਬਜ਼ਾ ਖਤਮ ਹੋ ਜਾਵੇਗਾ ਤੇ ਪੰਜਾਬ ਲੋਕਾਈ ਆਜ਼ਾਦੀ ਦਾ ਆਨੰਦ ਮਾਣ ਸਕੇਗੀ। ਪ੍ਰੋਫੈਸਰ ਜਸਵੰਤ ਸਿੰਘ ਜਸ ਪੁਸਤਕ "ਬਾਬਾ ਰਾਮ ਸਿੰਘ ਨਾਮਧਾਰੀ" ਦੇ ਪੰਨਾ ੯੧ ਤੇ ਲਿਖਦੇ ਹਨ:-

"ਬਾਬਾ ਰਾਮ ਸਿੰਘ ਜੀ ਦਾ 'ਸੌ ਸਾਖੀ' ਤੇ ਬੜਾ ਪੱਕਾ ਵਿਸ਼ਵਾਸ ਸੀ ਤੇ ਉਸਦੇ ਅਧਾਰ ਤੇ ਉਹ ਆਪਣੇ ਸੇਵਕਾਂ ਨੂੰ ਕਹਿਆ ਕਰਦੇ ਸਨ ਕਿ ਛੇਤੀਂ ਹੀ ਰੂਸ, ਪੰਜਾਬ ਵਿਚ ਆਉਣ ਵਾਲਾ ਹੈ। ਉਹ ਆਕੇ ਫਿਰੰਗੀਆਂ ਦਾ ਨਾਸ ਕਰੇਗਾ। ਆਪ ਅਕਾਲ ਬੁੰਗੇ ਵਿਚ ਭਜਨ ਕਰਦੇ ਕਰਦੇ ਕਈ ਵੇਰ ਲੋਰ ਵਿਚ ਆਕੇ ਉਠ ਖੜੇ ਹੁੰਦੇ ਸਨ ਤੇ ਮਸਤੀ ਵਿਚ ਆਕੇ ਰੂਸ ਵਲ ਮੂੰਹ ਕਰਕੇ ਕਈ ਪਰਕਾਰ ਦੇ ਇਸ਼ਾਰੇ ਕਰਨ ਲਗ ਪੈਂਦੇ ਸਨ। ਦੇਸ਼ ਨਿਕਾਲੇ ਦੇ ਸਮੇਂ ਭੀ ਆਪ ਦਾ ਇਹੋ ਹੀ ਵਿਸ਼ਵਾਸ ਦ੍ਰਿੜ ਰਹਿਆ ਸੀ ਤੇ ਆਪ ਰੂਸ ਸੰਬੰਧੀ ਹਾਲਤ ਤੋਂ ਜਾਣੂ ਰਹਿਣ ਲਈ ਬੜੀ ਦਿਲਚਸਪੀ ਰਖਦੇ ਸਨ। ਇਕ ਅਰਦਾਸ ਵਿਚ ਆਪਣੇ ਸੇਵਕਾਂ ਕੋਲੋਂ ਪੁਛਦੇ ਹਨ:-

ਹੋਰ ਸਮਾਂ ਕੈਸਾ ਹੈ, ਕੀ ਭਾਉ ਅਨਾਜ ਵਿਕਦਾ ਹੈ। ਹੋਰ ਕੁਛ ਰੂਸ ਦੀ ਖਬਰ, ਕਿ ਬੁਖਾਰੇ ਦੀ ਹੈ, ਕੇ ਕਾਬਲ ਦੀ ਤਰਫ ਚਲਿਆ ਹੈ ਕੇ ਨਹੀਂ"

ਉਸ ਸਮੇਂ ਅੰਮ੍ਰਿਤਸਰ ਦੇ ਬਹੁਤ ਸਾਰੇ ਅਰੋੜੇ ਖਤਰੀਆਂ ਦੇ ਵਪਾਰ ਰੂਸ ਦੇ ਵਪਾਰੀਆਂ ਨਾਲ ਚਲਦੇ ਸਨ। ਅਤੇ ਇਹਨਾਂ ਦਾ ਰੂਸ ਆਉਣਾ ਜਾਣਾ ਬਣਿਆ ਰਹਿੰਦਾ ਸੀ। ਇਸ ਤੋਂ ਬਿਨਾਂ ਆਸ਼ਕਾਬਾਦ (ਰੂਸ) ਵਿਚ ਕਈ ਪੰਜਾਬੀ ਕੰਮ ਕਰਦੇ ਸਨ ਜਿਹਨਾਂ ਦੇ ਰਾਹੀਂ ਸਤਿਗੁਰੂ ਜੀ ਨੇ ਰੂਸ ਦੇ ਜ਼ਾਰ ਨਾਲ ਸੰਬੰਧ ਕਾਇਮ ਕੀਤੇ ਸਨ ਅਤੇ ਰੂਸ ਦੇ ਜ਼ਾਰ ਨੇ ਸਤਿਗੁਰੂ ਜੀ ਵਲ ਤੋਹਫੇ ਵਜੋਂ ਸਤ ਕੀਮਤੀ ਚੋਗੇ ਅਤੇ ਇਕ ਚਾਂਦਨੀ ਭੇਜੇ ਸਨ। ਇਹ ਸੱਤ ਚੋਗੇ ਜਦੋਂ ੧੮੭੨ ਈਸਵੀ ਵਿਚ ਸਤਿਗੁਰੂ ਜੀ ਦੇ ਜਲਾਵਤਨ ਹੋਣ ਤੇ ਪੁਲਸ ਕਮਿਸ਼ਨਰ ਮਿਸਟਰ ਬਾਰਸਟਨ ਨੇ ਸ੍ਰੀ ਭੈਣੀ ਸਾਹਿਬ ਦੀ ਤਲਾਸ਼ੀ ਲਈ ਤਾਂ ਪਹਿਲਾਂ ਹੀ ਸਤਿਗੁਰੂ ਹਰੀ ਸਿੰਘ ਜੀ ਨੇ ਭਠੀ ਵਿਚ ਝੋਕ ਦਿਤੇ ਸਨ।

ਮਹਾਰਾਜਾ ਦਲੀਪ ਸਿੰਘ ਦੀ ਜਾਇਦਾਦ ਦੀ ਮਾਲਕ ਉਸ ਦੇ ਬਾਅਦ ਉਸ ਦੀ ਸੰਤਾਨ ਨਹੀਂ ਹੋਵੇਗੀ, ਇੰਗਲੈਂਡ ਦੀ ਪਾਰਲੀਮੈਂਟ ਨੇ ਬਿਲ ਪਾਸ ਕਰ ਦਿਤਾ ਤਾਂ ਮਹਾਰਾਜਾ ਦਲੀਪ ਸਿੰਘ ਦੀ ਨੀਂਦ ਹਰਾਮ ਹੋ ਗਈ। ਉਸ ਨੇ ਅੰਗਰੇਜ਼ ਸਰਕਾਰ ਖਿਲਾਫ ਬਗਾਵਤ ਦਾ ਝੰਡਾ ਗੱਡ ਦਿਤਾ ਅਤੇ ੧੮੮੭ ਈਸਵੀ ਵਿਚ ਮਾਸਕੋ ਪਹੁੰਚਿਆ ਤਾਂ ਕਿ ਰੂਸੀਆਂ ਤੋਂ ਅੰਗਰੇਜ਼ਾਂ ਦੇ ਖਿਲਾਫ ਮਦਦ ਲਈ ਜਾਵੇ। ਉਸ ਸਮੇਂ ਰੂਸ ਨਾਲ ਕੂਕਿਆਂ ਦੀ ਖਤੋਖਤਾਬਤ ਹੋ ਰਹੀ ਸੀ। ਸੂਬਾ ਬਿਸ਼ਨ ਸਿੰਘ ਉਸ ਸਮੇਂ ਰੂਸ ਦੇਸ਼ ਵਿਚ ਮੌਜੂਦ ਸੀ। ਉਹ ਮਹਾਰਾਜਾ ਦਲੀਪ ਸਿੰਘ ਨੂੰ ਵੀ ਮਿਲਿਆ। ਏਧਰ ਸ੍ਰੀ ਭੈਣੀ ਸਾਹਿਬ ਵਿਖੇ ਚੰਡੀ ਦੇ ਪਾਠ ਮੁੜ ਸ਼ੁਰੂ ਹੋ ਗਏ। ਨਾਮਧਾਰੀ ਸਿੰਘਾਂ ਨੇ [illegible] ਕਰ ਲਏ ਕਿਉਂਕਿ ਉਹਨਾਂ ਦਾ ਖਿਆਲ ਸੀ ਸੀ ਕਿ ਸੂਬਾ ਬਿਸ਼ਨ ਸਿੰਘ ਦੀ ਪ੍ਰੇਰਨਾ ਤੇ ਰੂਸ ਜ਼ਰੂਰ ਪੰਜਾਬ ਤੇ ਹਮਲਾ ਕਰੇਗਾ ਅਤੇ ਇਸ ਪ੍ਰਕਾਰ ਪੰਜਾਬ ਨੂੰ ਅਜ਼ਾਦੀ ਹਾਸਲ ਹੋਵੇਗੀ। ਮਹਾਰਾਜਾ ਦਲੀਪ ਸਿੰਘ ਦੀ ਰੂਸੀ ਜਰਨੈਲਾਂ ਨਾਲ ਵਾਰਤਾ ਅਸਫਲ ਹੋਣ ਕਾਰਨ ਇਹ ਕੋਸ਼ਿਸ਼ ਬੇਕਾਰ ਹੋ ਗਈ। ਸੂਬਾ ਬਿਸ਼ਨ ਸਿੰਘ ਜੀ ਤੋਂ ਬਿਨਾਂ ਰੂਸ ਵਿਚ ਨਾਮਧਾਰੀ ਦੂਤ ਵਜੋਂ ਕੂਕਾ ਗੁਰਚਰਨ ਸਿੰਘ ਦਾ ਵੀ ਉਚੇਚਾ ਵਰਣਨ ਹੈ। ਗੁਰਚਰਨ ਸਿੰਘ ਕਾਬਲ ਅਤੇ ਇਸ ਤੋਂ ਅਗਲੇ ਇਲਾਕੇ ਦਾ ਚੰਗਾ ਜਾਣੂ ਸੀ ਕਿਉਂਕਿ ਉਹ ਕਾਫੀ ਚਿਰ ਉਸ ਇਲਾਕੇ ਵਿਚ ਸਿਖ ਪ੍ਰਚਾਰਕ ਦੇ ਤੌਰ ਤੇ ਕੰਮ ਕਰਦਾ ਰਿਹਾ ਸੀ ਅਤੇ ਕਾਬਲ ਵਿਖੇ ਭਾਈ ਪਿਰਾਣਾ ਜੀ ਦੁਆਰਾ ਬਣਾਈ ਧਰਮਸਾਲਾ ਵਿਚ ਰਹਿੰਦਾ ਸੀ। ਭਾਈ ਪਿਰਾਣਾ ਜੀ,



Sri Satguru Jagjit Singh Ji eLibrary NamdhariElibrary@gmail.com

ਕੂਕਾ ਗੁਰਚਰਨ ਸਿੰਘ ਦੇ ਬਜ਼ੁਰਗਾਂ ਵਿਚੋਂ ਸਨ । ਕੂਕਾ ਗੁਰਚਰਨ ਸਿੰਘ ਨੇ ਜਵਾਨੀ ਸਮੇਂ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਨੌਕਰੀ ਕੀਤੀ ਸੀ ਅਤੇ ਪਹਿਲੀ ਅੰਗਰੇਜ਼ ਸਿਖ ਜੰਗ ਸਮੇਂ ਜਦੋਂ ਅੰਗਰੇਜ਼ ਸਰਕਾਰਾਂ ਦੀ ਲੜਾਈ ਵਿਚ ਸਿਖਾਂ ਨੂੰ ਹਰਾ ਦਿਤਾ ਤਾਂ ਉਹ ਵੀ ਬਾਕੀ ਸਿਖ ਫੌਜਾਂ ਵਾਂਗ ਹਥਿਆਰ ਸੁਟ ਕੇ ਘਰ ਆ ਗਿਆ ਅਤੇ ਫਿਰ ਜ਼ਿਲਾ ਸਿਆਲਕੋਟ ਦੇ ਪਿੰਡ ਚੱਕ ਰਾਮਦਾਸ ਵਿਖੇ ਆਪਣੇ ਜੱਦੀ ਘਰ ਵਿਚ ਜਾਕੇ ਖੇਤੀ ਬਾੜੀ ਦਾ ਕੰਮ ਕਰਨ ਲਗ ਪਿਆ ।

ਲਗ ਭਗ ੧੮੭੦ ਈਸਵੀ ਵਿਚ ਉਹ ਸਤਿਗੁਰੂ ਰਾਮ ਜੀ ਦੇ ਸੰਪਰਕ ਵਿਚ ਆਇਆ ਅਤੇ ਫਿਰ ਉਹ ਕਾਬਲ, ਗਜ਼ਨੀ, ਰੂਸ ਆਦਿਕ ਦੇਸ਼ਾਂ ਵਿਚ ਨਾਮਧਾਰੀ ਲਹਿਰ ਦਾ ਪ੍ਰਚਾਰ ਕਰਦਾ ਰਿਹਾ । ਨਾਮਧਾਰੀ ਮਿਸ਼ਨ ਸੰਬੰਧੀ ਉਹ ਸਤਿਗੁਰੂ ਹਰੀ ਸਿੰਘ ਜੀ ਵਲੋਂ ੧੮੭੯ ਈਸਵੀ ਵਿਚ ਰੂਸ ਗਿਆ । ਉਹ ਰਸਤੇ ਦੀਆਂ ਅਨੇਕਾਂ ਮੁਸੀਬਤਾਂ ਨੂੰ ਝਲਦਾ ਹੋਇਆ ਤੇ ਮੱਧ ਏਸ਼ੀਆ ਦਾ ਇਲਾਕਾ ਪਾਰ ਕਰਦਾ ਤੇ ਅੰਗਰੇਜ਼ਾਂ ਦੀ ਨਜ਼ਰ ਤੋਂ ਬਚਦਾ ਹੋਇਆ ੯ ਮਈ ੧੮੭੯ ਈਸਵੀ ਨੂੰ ਰੂਸੀ ਤੁਰਕਿਸਤਾਨ ਦੇ ਸਰਹੱਦੀ ਸ਼ਹਿਰ ਕਾਟਾ ਕੁਰਗਾਨ ਵਿਖੇ ਜਾ ਪਹੁੰਚਾ । ਇਕ ਸਿਰਧ ਸਿਖ ਦੀ ਆਮਦ ਨੇ ਅਧਿਕਾਰੀਆਂ ਵਿਚ ਹਲਚਲ ਮਚਾ ਦਿਤੀ । ਗੁਰਚਰਨ ਸਿੰਘ ਨੇ ਸਤਿਗੁਰੂ ਹਰੀ ਸਿੰਘ ਜੀ ਵਲੋਂ ਦਿਤੀ ਗਈ ਚਿਠੀ ਜ਼ਰਾਵਸ਼ਾਂਸਕ ਦੇ ਹਾਕਮ ਮੇਜਰ ਜਨਰਲ ਐਨ. ਈ. ਈਵਾਨੋਵ ਨੂੰ ਦਿਤੀ ਜਿਸਨੇ ਗੁਰਚਰਨ ਸਿੰਘ ਨੂੰ ਸਮਰਕੰਦ ਆਉਣ ਦਾ ਸੰਦੇਸ਼ਾ ਘੱਲਿਆ । ਉਹ ਚਿੱਠੀ ਗੁਰਮੁਖੀ ਲਿਪੀ ਵਿਚ ਹੋਣ ਕਾਰਨ ਈਵਾਨੋਵ ਨੂੰ ਸਮਝ ਨਹੀਂ ਸੀ ਆ ਰਹੀ । ਖੁਸ਼ਕਿਸਮਤੀ ਨੂੰ ਉਸ ਸਮੇਂ ਇਕ ਭਾਰਤੀ ਵਪਾਰੀ ਉਸ ਸਮੇਂ ਈਵਾਨੋਵ ਦੇ ਦਰਬਾਰ ਵਿਚ ਹਾਜ਼ਰ ਸੀ । ਉਸ ਨੇ ਉਸ ਚਿੱਠੀ ਦਾ ਫ਼ਾਰਸੀ ਭਾਸ਼ਾ ਵਿਚ ਅਨੁਵਾਦ ਕੀਤਾ ਤੇ ਫਿਰ ਕਿਸੇ ਹੋਰ ਫ਼ਾਰਸੀ ਭਾਸ਼ਾ ਤੋਂ ਰੂਸੀ ਭਾਸ਼ਾ ਵਿਚ ਤਰਜਮਾ ਕੀਤਾ ਜਿਸ ਨੂੰ ਪੜ੍ਹਕੇ ਹੋ ਸਤਿਗੁਰੂ ਰਾਮ ਸਿੰਘ ਜੀ ਦੀ ਕੀਤੀ ਭਵਿਖਬਾਣੀ ਤੇ ਬੜਾ ਹੈਰਾਨ ਹੋਇਆ । ਚਿੱਠੀ ਵਿਚ ਲਿਖਿਆ ਸੀ ਕਿ ਰੂਸ ਪੰਜਾਬ ਤੇ ਹਮਲਾ ਕਰੇ ਤਾਂ ਉਸਦੀ ਜਿਤ ਹੋਵੇਗੀ । ਸਾਰੇ ਨਾਮਧਾਰੀ, ਰੂਸੀਆਂ ਦਾ ਸਾਥ ਦੇਣਗੇ । ਪਹਿਲਾ ਯੁਧ ਕਾਬਲ ਪਹਾੜ ਤੇ ਹੋਵੇਗਾ ਤੇ ਫਿਰ ਕਾਬਲ ਵਿਚ, ਇਸ ਤੋਂ ਬਾਅਦ ਜਲੰਧਰ, ਜੰਮੂ, ਲਾਹੌਰ ਤੇ ਫ਼ਿਰੋਜ਼ਪੁਰ ਵਿਚ ਅਤੇ ਆਖਰੀ ਯੁਧ ਲੁਧਿਆਣੇ ਵਿਚ ਹੋਵੇਗਾ ।

ਉਸ ਚਿੱਠੀ ਦੀ ਇਬਾਰਤ ਨੇ ਰੂਸੀ ਹਾਕਮਾਂ ਨੂੰ ਹੈਰਾਨ ਕਰ ਦਿਤਾ । ਸਰਕਾਰੀ ਹਾਕਮ ਐਨ. ਈ. ਤਰੋਲਨੋਵ ਨੇ ਗੁਰਚਰਨ ਸਿੰਘ ਨੂੰ ਅਨੇਕਾਂ ਪ੍ਰਸ਼ਨ ਪੁਛੇ ਜਿਹਨਾਂ ਦਾ ਗੁਰਚਰਨ ਸਿੰਘ ਨੇ ਬੜੀ ਸਿਆਣਪ ਨਾਲ ਜਵਾਬ ਦਿਤਾ । ਮੇਜਰ ਜਨਰਲ ਈਵਾਨੋਵ ਵੀ ਗੁਰਚਰਨ ਸਿੰਘ ਦੇ ਵਿਚਾਰਾਂ ਨਾਲ ਪ੍ਰਭਾਵਤ ਹੋਇਆ ਅਤੇ ਹਿੰਦੋਸਤਾਨੀਆਂ ਦੀ ਆਜ਼ਾਦੀ ਦੀ ਸਿੱਕ ਨੇ ਉਸਨੂੰ ਪ੍ਰਭਾਵਤ ਕੀਤਾ । ਅਖੀਰ ਗੁਰਚਰਨ ਸਿੰਘ ਦੀ ਵਾਰਤਾਲਾਪ ਦਾ ਸਾਰਾ ਵੇਰਵਾ ਤੇ ਚਿੱਠੀ ਨੂੰ ਰੂਸੀ ਤੁਰਕਿਸਤਾਨ ਦੇ ਗਵਰਨਰ ਜਨਰਲ ਕਾਰਫ਼ ਕਾਮਿਆਨ ਕੋਲ ਭੇਜ ਦਿਤਾ । ਜਨਰਲ ਕਾਰਫ਼ ਕਾਮਿਆਨ ਨੇ ਕੋਈ ਆਖਰੀ ਫੈਸਲਾ ਕਰਨ ਤੋਂ ਪਹਿਲਾਂ ਪ੍ਰੋਫੈਸਰ ਮਿਨਾਇਵ ਦੀ ਰਾਏ ਇਸ ਬਾਰੇ ਲਈ । ਪ੍ਰੋਫੈਸਰ ਮਿਨਾਇਵ ਨੇ ਸਤਿਗੁਰੂ ਰਾਮ ਸਿੰਘ ਜੀ ਤੇ ਨਾਮਧਾਰੀ ਇਤਿਹਾਸ ਅਤੇ ਅੰਗਰੇਜ਼ ਸਰਕਾਰ ਦੀ ਨੀਤੀ ਬਾਰੇ ਸੰਖੇਪਤਾ ਵਿਚ ਦਸਿਆ ਜਨਰਲ ਕਾਫਮੈਨ ਨੇ ਉਸ ਸਮੇਂ ਅੰਗਰੇਜ਼ਾਂ ਨਾਲ ਜਾਣ ਬੁਝ ਕੇ ਲੜਨਾ ਯੋਗ ਨਹੀਂ ਸਮਝਿਆ ਅਤੇ ਸਤਿਗੁਰੂ ਬੁਧ ਸਿੰਘ (ਸਤਿਗੁਰੂ ਹਰੀ ਸਿੰਘ) ਦੀ ਵਲ ਚਿਠੀ ਇਸ ਪ੍ਰਕਾਰ ਲਿਖੀ ।

ਗੁਰੂ ਰਾਮ ਸਿੰਘ ਤੇ ਬੁਧ ਸਿੰਘ ਨੂੰ ਸੈਨਾਪਤੀ ਅਤੇ ਗਵਰਨਰ ਜਨਰਲ ਵਲੋਂ ਨਮਸਕਾਰ ਪਹੁੰਚੇ । ਗੁਰਚਰਨ ਸਿੰਘ ਦੀ ਮਾਰਫਤ ਆਪਦੀ ਚਿਠੀ ਸਾਨੂੰ ਮਿਲ ਗਈ ਹੈ ਅਤੇ ਉਸਦਾ ਦਾ ਭਾਵ ਅਰਥ ਸਮਝ ਕੇ ਸਾਨੂੰ ਖੁਸ਼ੀ ਹੋਈ ਹੈ । ਇਸ ਤੱਥ ਪ੍ਰਸ਼ਨ ਘੱਲਣ ਲਈ ਅਸੀਂ ਧੰਨਵਾਦ ਕਰਦੇ ਹਾਂ ਪਰ ਭਾਰਤ ਦੇਸ਼ ਦੀ ਪਰਸਥਿਤੀ ਤੇ ਘਟਨਾਵਲੀ ਬਾਰੇ ਹੋਰ ਜ਼ਿਆਦਾ ਵੇਰਵੇ ਭਰਪੂਰ ਜਾਣਕਾਰੀ ਦੀ ਲੋੜ ਹੈ ।"

ਅਕਤੂਬਰ ਦੇ ਮਹੀਨੇ ਗੁਰਚਰਨ ਸਿੰਘ ਰੂਸ ਤੋਂ ਵਾਪਸ ਪੰਜਾਬ ਵਲ ਰਵਾਨਾ ਹੋਇਆ ਤੇ ਆਪਣੀ ਰੂਸੀ ਨੇਤਾਵਾਂ ਨਾਲ ਹੋਈ ਮੁਲਾਕਾਤ ਬਾਰੇ ਫੁਲਿਆ ਨਹੀਂ ਸੀ ਸਮਾਉਂਦਾ । ਉਸਨੂੰ ਮੱਧ ਏਸ਼ੀਆ ਦੇ ਰਸਤਿਆਂ ਦੀਆਂ ਤਕਲੀਫਾਂ ਦੀ ਨਹੀਂ ਸੀ ਜਰਾ ਰਹੀਆਂ ਪਰੰਤੂ ਉਸਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਕੋਈ ਅੰਗਰੇਜ਼ੀ ਸਰਕਾਰ ਦਾ ਜਾਸੂਸ ਉਸਦਾ ਪਿੱਛਾ ਕਰ ਰਿਹਾ ਹੈ । ਅੰਗਰੇਜ਼ੀ ਸਰਕਾਰ ਦੇ ਜਾਸੂਸ ਦਾ ਨਾਮ ਸੀ ਗੁਲਾਬ ਖਾਂ । ਇਹ ਗੁਰਚਰਨ ਸਿੰਘ ਦਾ ਪਿਛਾ ਕਰਦਾ ਹੋਇਆ ਰੂਸ ਅਪੜਿਆ ਅਤੇ ਕਾਟਾ ਕੁਰਗਾਨ ਨਾਮ ਦੇ ਸਥਾਨ ਤੋਂ ਉਸਨੇ ਸਰਕਾਰ ਨੂੰ ਗੁਰਚਰਨ ਸਿੰਘ ਦੀਆਂ ਸਰਗਰਮੀਆਂ ਬਾਰੇ ਰਿਪੋਰਟ ਲਿਖ ਭੇਜੀ । ਜਦ ਗੁਰਚਰਨ ਸਿੰਘ ਪਿਸ਼ਾਵਰ ਇਕ ਸਰਾਂ ਵਿਚ ਠਹਿਰਿਆ ਤਾਂ ਗੁਲਾਬ ਖਾਂ ਨੇ ਦਸਿਆ ਕਿ ਉਹ ਰੂਸੀਆਂ ਦਾ ਦੂਤ ਹੈ ਤੇ ਰੂਸ ਨੇ ਉਸਨੂੰ



Sri Satguru Jagjit Singh Ji eLibrary NamdhariElibrary@gmail.com

ਪੰਜਾਬ ਵਲ ਘੱਲਿਆ ਹੈ । ਗੁਰਚਰਨ ਸਿੰਘ ਨੇ ਉਸਤੇ ਇਤਬਾਰ ਕਰ ਲਿਆ ਅਤੇ ਦੋ ਚਿਠੀਆਂ ਰੂਸੀ ਹਾਕਮਾਂ ਵਲ ਲਿਖਕੇ ਉਸਦੇ ਹੱਥ ਫੜਾ ਦਿਤੀਆਂ ਜੋ ਗੁਲਾਮ ਖਾਂ ਨੇ ਪਿਸ਼ਾਵਰ ਦੇ ਕਮਿਸ਼ਨਰ ਨੂੰ ਪਕੜਾ ਦਿਤੀਆਂ । ਨਤੀਜੇ ਵਜੋਂ ਗੁਰਚਰਨ ਸਿੰਘ ਨੂੰ ਲਾਹੌਰ ਆਉਂਦਿਆਂ ਹੀ ਗ੍ਰਿਫਤਾਰ ਕਰ ਲਿਆ ਅਤੇ ਲਾਹੌਰ ਤੋਂ ਬਾਹਰ ਜਾਣ ਤੇ ਪਾਬੰਦੀ ਲਾ ਦਿਤੀ ।

ਕੂਕਾ ਗੁਰਚਰਨ ਸਿੰਘ ਤੋਂ ਬਾਅਦ ਵੀ ਨਾਮਧਾਰੀ ਰੂਸ ਵਲ ਜਾਂਦੇ ਰਹੇ । ਮਿਸਾਲ ਵਜੋਂ ਜਰਨੈਲ ਮੈਕਲੋਨ ੧੮੮੮ ਈਸਵੀ ਵਿਚ ਈਰਾਨ ਦੇ ਸ਼ਹਿਰ ਮਸ਼ਹਦ ਵਿਚ ਨਿਯੁਕਤ ਸੀ । ਉਹ ੧੮ ਜੂਨ ਦੀ ਤਾਰ ਵਿਚ ਲਿਖਦਾ ਹੈ, "ਮੈਨੂੰ ਮਸ਼ਹਦ ਤੋਂ ਇਤਲਾਹ ਮਿਲੀ ਹੈ ਕਿ ਜਿਹੜੇ ਕੂਕੇ ਕੂਕੇ ਸਿਖ ਦਲੀਪ ਸਿੰਘ ਦੀ ਤਲਾਸ਼ ਵਿਚ ਆਏ ਸਨ, ਉਨ੍ਹਾਂ ਨੇ ਰੂਸੀ ਏਜੰਟ ਰਾਹੀਂ ਆਪਣੀ ਚਿਠੀ ਮਹਾਰਾਜੇ ਨੂੰ ਮਾਸਕੋ ਭੇਜ ਦਿਤੀ ਤੇ ਆਪ ਅਸ਼ਕਾ ਬਾਦ ਰਵਾਨਾ ਹੋ ਗਏ ਹਨ । ਉਹਨਾਂ ਕਿਹਾ ਹੈ ਕਿ ਉਹਨਾਂ ਦੇ ਕੋਲ ਕਸ਼ਮੀਰ ਤੇ ਨਿਪਾਲ ਦੀਆਂ ਚਿਠੀਆਂ ਹਨ ।" ਇਸ ਪ੍ਰਕਾਰ ਮੈਕਲੋਨ ੭ ਨਵੰਬਰ ਨੂੰ ਹਿੰਦ ਸਰਕਾਰ ਵਲ ਲਿਖਦਾ ਹੈ ਕਿ ਸਿਖਾਂ ਦੀ ਖੁਫੀਆ ਰਿਹਾਇਸ਼ ਦਾ ਪ੍ਰਬੰਧ ਰੂਸੀ ਏਜੰਟ ਵਲੋਂ ਕੀਤਾ ਗਿਆ ਸੀ ਅਤੇ ਫੇਰ ਉਸਨੇ ਉਹਨਾਂ ਨੂੰ ਅਸ਼ਕਾਬਾਦ ਭੇਜ ਦਿਤਾ ਸੀ । ਮੈਕਲੀਨ ਦੀ ਇਤਲਾਹ ਮੁਤਾਬਕ ਉਹਨਾਂ ਦੇ ਨਾਮ ਮਾਨ ਸਿੰਘ, ਸਾਦਲ ਸਿੰਘ ਤੇ ਵਰੂ ਸਿੰਘ ਸਨ ਤੇ ਹਰ ਇਕ ਪਾਸ ਇਕ ਪਿਸਤਲ ਦਾ ਗੜਦਾ ਸੀ ।"

ਉਪਰੋਕਤ ਨਾਮਧਾਰੀ ਸਿੰਘਾਂ ਤੋਂ ਬਿਨਾਂ ਹੋਰ ਵੀ ਅਨੇਕਾਂ ਕੂਕਿਆਂ ਨੇ ਰੂਸ ਅਤੇ ਹੋਰ ਗਵਾਂਢੀ ਦੇਸ਼ਾਂ ਵਿਚ ਜਾਕੇ ਧਰਮ ਪ੍ਰਚਾਰ ਕੀਤਾ ਤੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਯਤਨ ਕੀਤੇ । ਉਹਨਾ ਦੀਆਂ ਘਾਲਣਾਂ ਸਦਕਾ ਅਜ ਅਸੀਂ ਆਜ਼ਾਦੀ ਦਾ ਆਨੰਦ ਮਾਣ ਹਾਂ । ਨਾਮਧਾਰੀ ਸਿਖਾਂ ਦਾ, ਆਜ਼ਾਦੀ ਅੰਦੋਲਨ ਦੇ ਇਤਹਾਸ ਵਿਚ ਨਾਮ ਸਿਤਾਰੇ ਵਾਂਗ ਚਮਕਦਾ ਰਹੇਗਾ ।

ਦਵਿੰਦਰ ਸਿੰਘ ਗਿੱਲ
ਪਿੰਡ- ਜੌਅਣ ਨੌਸ਼ਾ
ਡਾਕਖਾਨਾ ਖੁੱਡਾ - ੧੪੪੩੦੫
ਜ਼ਿਲਾ- ਹੁਸ਼ਿਆਰ ਪੁਰ

REPUTED MANUFACTURER OF :
SUPERIOR QUALITY
SINGLE BARREL &
DOUBLE BARREL
B. L. 12 BORE
GUNS
Grams : SNIPER
Phone : 3805
MODERN GUN WORKS
Opp. Industrial Estate,
JAMMU CANTT.



Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ

ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਅਤੇ ਵਿਦੇਸ਼ ਵਿਚੋਂ ਆਪਣੇ ਸੇਵਕਾਂ ਸਿਖਾਂ ਦੇ ਨਾਮ ਚਿਠੀਆਂ ਹੁਕਮਨਾਮੇ ਭੇਜ ਕੇ ਉਹਨਾਂ ਨੂੰ ਸੁਭ ਅਮਲਾਂ ਅਤੇ ਭਜਨ ਬੰਦਗੀ ਵਾਸਤੇ ਪ੍ਰੇਰਨਾ ਦਿਤੀ। ਜਿਥੇ ਇਸ ਲਿਖਤ ਵਿਚ ਪੰਜਾਬੀ ਭਾਸ਼ਾ ਦੀ ਸਾਹਿਤਕ ਉਤਮਤਾ ਦਾ ਨਮੂਨਾ ਮਿਲਦਾ ਹੈ ਉਥੇ ਸਤਿਗੁਰੂ ਜੀ ਵਲੋਂ ਇਨਸਾਨੀ ਕ੍ਰਿਤਰ ਨੂੰ ਉਚਾ ਕਰਨ ਦੇ ਜਤਨਾਂ ਦਾ ਝਲਕਾਰਾ ਵੀ ਮਿਲਦਾ ਹੈ। ਇਹਨਾਂ ਹੁਕਮਨਾਮਿਆਂ ਵਿਚੋਂ ਕੁਝ ਟੂਕਾਂ ਇਥੇ ਪ੍ਰਕਾਸ਼ਤ ਕਰ ਰਹੇ ਹਾਂ ਜੋ ਸਤਿਗੁਰੂ ਜੀ ਦੀ ਅੰਤਰਆਤਮਾ ਦਾ ਅਕਸ ਪੇਸ਼ ਕਰਦੀਆਂ ਹਨ।

—ਸੰਪਾਦਕ



(੧)

ਸਾਰੀ ਸਾਧ ਸੰਗਤ ਨੇ ਸਾਂਤਗੀ ਏਹੋ ਜੇਹੀ ਫੜਨੀ, ਕੋਈ ਕਿਸੇ ਤਰ੍ਹਾਂ ਦੀ ਨਿੰਦਿਆ ਕਰੇ ਉਸਦੇ ਵਲ ਧਿਆਨ ਨਹੀਂ ਕਰਨਾ। ਚਾਹੇ ਕੋਈ ਕਿਸੇ ਨੂੰ ਮਾਰੇ ਤਾਂ ਵੀ ਸਹਤ ਕਰ ਜਾਣਾ। ਪ੍ਰਮੇਸ਼ਰ ਖਿਮਾ ਧੀਰਜ ਵਾਲਿਆਂ ਦੇ ਸਦਾ ਅੰਗ ਸੰਗ ਹੈ।

(੨)

ਮੇਰੀ ਲਜਿਆ ਤੁਸੀ ਸਾਧ ਸੰਗਤ ਨੇ ਰਖਣੀ ਹੈ। ਜੇਕਰ ਤੁਸੀਂ ਭਲੇ ਹੋਵੋਗੇ ਤਾਂ ਮੈਨੂੰ ਬੁਰਾ ਕਿਸੇ ਨਹੀਂ ਅਖਣਾ।

(੩)

ਲੜਕੇ ਲੜਕੀਆਂ ਨੂੰ ਅਖਰ ਪੜ੍ਹਾਉਣੇ ਹੱਛ ਆਉਂਦੀ ਦੇ ਨਾਲ।

(੪)

ਜੇ ਕੋਈ ਨਿੰਦਾ ਹੁੰਦੀ ਹੈ ਤਾਂ ਜਗਤ ਕਾ ਆਹਾਰ ਹੀ ਹੈ। ਕਿਸ ਕਿਸ ਦੀ ਨਿੰਦਾ ਨਹੀਂ ਕੀਤੀ ਜਗਤ ਨੇ। ਤੁਸੀਂ ਗੁਰੂ ਜੀ ਕੇ ਬਚਨਾਂ ਬਲ ਧਿਆਨ ਕਰਨਾ।

(੫)

ਬੇਨਤੀ ਕਰਦੇ ਰਹਿਆ ਕਰੋ ਅੰਤ੍ਰਜਾਮੀ ਪ੍ਰਮੇਸ਼ਰ ਅਗੇ। ਪ੍ਰਮੇਸ਼ਰ ਸਭ ਕੁਝ ਜਾਣਦਾ ਭੀ ਹੈ ਤੇ ਸਭ ਕੁਝ ਦੇਣ ਨੂੰ ਸਮਰਥ ਹੈ।

(੬)

ਬਿਮਾਰ ਦੀ ਸੇਵਾ ਕਰਨੀ ਬੜਾ ਹੀ ਪੁੰਨ ਹੈ।

(੭)

ਭਜਨ ਬਾਣੀ ਤੋਂ ਬਿਨਾਂ ਭਾਵੇਂ ਕੋਈ ਕਿਤਨਾ ਕੰਮ ਕਰੇ, ਰਿਜ਼ਕ ਦਾ ਵਾਧਾ ਨਹੀਂ ਹੁੰਦਾ। ਜੇ ਰਿਜ਼ਕ ਬੀ ਹੈ ਕਿਸੇ ਪਾਸ ਬਹੁਤਾ ਉਸਦੀ ਨੀਤ ਨਹੀਂ ਭਰਦੀ, ਤ੍ਰਿਸਨਾ ਦੀ ਅੱਗ ਸਦਾ ਲਗੀ ਰਹਿੰਦੀ ਹੈ। ਪੁੰਨ ਦਾਨ ਵੀ ਨਹੀਂ ਹੋ ਸਕਦਾ। ਧਨ ਪਿਆ ਹੀ ਛਡਕੇ ਮਰ ਜਾਂਦਾ ਹੈ। ਦੁਰਗਤੀ ਕੋ ਪਰਾਪਤ ਹੋਇ ਜਾਂਦਾ ਹੈ ਬਿਨਾ ਭਜਨ ਪੁੰਨ ਦੇ।

(੮)

ਜੂਠਾ ਨਾ ਕੋਈ ਕਿਸੇ ਨੂੰ ਦੇਵੇ ਨਾ ਕੋਈ ਜੂਠਾ ਲੇਵੇ। ਇਹ ਕ ਸਦਾ ਸੀਤ ਪ੍ਰਸਾਦ ਹੈ। ਜੀਆਂ ਦਾ ਜੂਠਾ ਖਾਂਦੇ ਤੇ ਕੋਧ ਕਬਾੜ ਖੁਲ੍ਹ ਗਏ ਹੈਨ!



Sri Satguru Jagjit Singh Ji eLibrary NamdhariElibrary@gmail.com

(੯)

ਕਿਸੇ ਦਾ, ਧੜਾ ਕਰਕੇ, ਠਗੀ ਕਰਕੇ ਧਨ ਆਦਿਕ ਭੀ ਨਹੀਂ ਲੈਣਾ।

(੧੦)

ਜਥਾ ਸਕਤ, ਭੁਖੇ ਨੂੰ ਅੰਨ ਭੀ ਦੇਣਾ, ਨੰਗੇ ਨੂੰ ਕਪੜਾ ਲੀੜਾ ਭੀ ਦੇਣਾ ਜਿਤਨਾ ਸਰੇ। ਪੁੰਨ ਦਾਨ ਤੇ ਧਨ ਨਹੀਂ ਘਟਦਾ। ਧਨ ਤੇ ਕੁਚਾਲ ਚਲਣ ਤੇ ਘਟ ਜਾਂਦਾ ਹੈ।

(੧੧)

ਜਿਤਨੇ ਸੁਖ ਹੈਨ ਲੋਕ ਤੇ ਪ੍ਰਲੋਕ ਦੇ ਸੋ ਸਾਰੇ ਗੁਰਮਤਿ ਮੈ ਹੈਨ ਜਿਤਨੇ ਦੁਖ ਹੈਨ ਸੋ ਮਨਮਤਿ ਮੇਂ ਹੈਨ।

(੧੨)

ਆਪਣੇ ਬਲ ਜਰਾ ਸੀਰੀ ਨਾਲ ਨਰਮਾਈ ਰਖਣੀ। ਗੁੱਤੇ ਕਥ ਪਠੋ ਬਲੋਂ ਰਲ ਨਹੀਂ ਪੈਣਾ। ਜੇ ਆਪ ਨਰਮਾਈ ਰਖੋਗੇ ਤਾਂ ਸੀਰੀ ਕੰਮ ਭੀ ਅਛਾ ਕਰਨਗੇ।

(੧੩)

ਭਾਈਆਂ ਨੇ ਆਪਸ ਮੇਂ ਅਛੀ ਤਰਾ ਮਿਲ ਕੇ ਰਹਿਣਾ ਬਣੇ। ਕਿਤੇ ਜੁਦੇ ਜੁਦੇ ਨਾ ਹੋਇ ਜਾਣਾ ਤੰਮੀ ਭਲੀਆ ਦੇ ਆਖੇ।

(੧੪)

ਬਗਾਨੀ ਅੰਸ ਕਿਸੇ ਤਰ੍ਹਾਂ ਭੀ ਨਾ ਲੈਣੀ, ਨਾ ਖੋਹ ਕੇ, ਨਾ ਠਗੀ ਕਰਕੇ।

ਜੇ ਡਿਗੀ ਪਈ ਭੀ ਲਭੇ ਤਾਂ ਜਿਸ ਦੀ ਹੋਵੇ ਉਸਕੋ ਦੇ ਦੇਣੀ।

(੧੫)

ਕਰਜਾ ਲੈਕੇ ਨਾ ਦੇਣਾ ਏਹ ਚੋਰੀ ਧਾੜੇ ਤੇ ਭੀ ਬੜਾ ਪਾਪ ਹੈ।

(੧੬)

ਬਗਾਨੀ ਅੰਸ ਦਾ ਤਿਆਗ ਕਰਨਾ ਏਹ ਬੜਾ ਧਰਮ ਹੈ। ਗੁਰੂ ਜੀ ਦਾ ਹੁਕਮ ਹੈ, ਹਕ ਬਿਗਾਨਾ ਉਸ ਸੂਅਰ ਉਸ ਗਾਇ। ਸੋ ਭਾਈ ਜਿਸ ਹਿੰਦੂ ਨੇ ਗਊ ਖਾਇ ਲਈ ਉਸਦਾ ਤਾਂ ਕੁਛ ਨਾ ਰਿਹਾ। ਚਾਹੇ ਸਿੱਖ ਹੋਵੇ ਚਾਹੇ ਬਾਮਣ, ਖਤਰੀ ਹੋਵੇ ਭਾਮੇਂ ਮੁਸਲਮਾਨ ਹੋਵੇ ਉਸਦਾ ਪੱਖ ਨਾ ਗੁਰੂ ਕਰੇਗਾ ਨਾ ਪੀਰ ਕਰੇਗਾ। ਪ੍ਰਤੀਤ ਜਾਣਨੀ ਭਾਮੇਂ ਪੂਜਾ ਕਰੇ ਭਾਮੇਂ ਨਿਮਾਜ ਪੜੇ, ਕੁਛ ਭੀ ਥਾਇ ਨ ਪਊਗਾ। ਨਾਇ ਨਾਇ ਬਾਣੀ ਭੀ ਭਾਮੇ ਪੜੇ, ਸਭ ਨਿਫਲ।

(੧੭)

ਜਲ ਪ੍ਰਸਾਦਿ ਸੁਚ ਸੋਧ ਦਾ ਵਰਤਣਾ। ਸੁਚ ਸੋਧ ਵਾਲੇ ਬਿਨਾ ਕਿਸੇ ਦੇ ਹਥੋਂ ਨਹੀਂ ਛਕਣਾ।

(੧੮)

ਝੂਠ ਬਿਸ ਕੁਰਸੀ ਚਲਾਵੀ ਤਾਂ ਸਹੂਤ ਹੈ ਪਰ ਝੂਠ ਦਾ ਕਮ ਖੋਟਾ ਹੈ।

(੧੯)

ਸਿਖੀ ਤਾਂ ਭਾਈ! ਗੁਰੂ ਸ਼ਬਦ ਦੇ ਮੰਨਣ ਦੀ ਹੈ। ਬਿਨਾ ਗੁਰੂ ਸ਼ਬਦ ਮੰਨੇ ਸਿੱਖ ਨਹੀਂ ਬਣਦਾ, ਨਾਹੀਂ ਸਾਧ ਬਣਦਾ ਹੈ। ਭਾਵੇਂ ਕਿਤਨੇ ਸਲੋਕ ਸਣਾਵੇ ਕੋਈ ਪਰ ਗੁਰੂ ਸ਼ਬਦ ਮੰਨੇ ਬਿਨਾ ਕੁਛ ਹਥ ਨਹੀਂ ਆਉਂਦਾ ਏਹੋ ਸਰਬ ਸਾਸਤ੍ਰ ਕਾ ਮਤੁ ਹੈ

(੨੦)

ਜੋ ਸਦਾ ਪਹਿਰ ਰਾਤ ਰਹਿੰਦੀ ਕੇ ਨਾਲ ਇਸਨਾਨ ਕਰੇ ਸਮੇਤ ਕੇਸੀ, ਗੁਰਬਾਣੀ ਤੇ ਨਾਮ ਉਚਾਰ ਕਰੇ ਉਸਕੋ ਮੋਤੀ ਦਾਨ ਦਾ ਪੁੰਨ ਹੁੰਦਾ ਹੈ। ਫੇਰ ਸੁਵਰਨ ਦਾ। ਫੇਰ ਰੁਪੇ ਦਾ। ਫੇਰ ਤਾਂਬੇ ਦਾ। ਫੇਰ ਅੰਨ ਦਾ। ਫੇਰ ਦੁਧ ਦਾ। ਫੇਰ ਜਲ ਦਾ। ਫੇਰ ਦਿਨ ਚੜ੍ਹੇ ਪੁੰਨ ਕੁਛ ਨਹੀਂ ਪਿੰਡਾ ਧੋ ਲੈਣਾ ਹੈ।

(੨੧)

ਬਾਣੀ ਸਭ ਨੇ ਕੰਠ ਕਰਨੀ ਜਨਾਨੇ ਮਰਦਾਨੇ ਨੇ-ਬੁੱਢੇ ਬਾਲੇ ਨੇ। ਜੋ ਬਾਣੀ ਪੜੇਗਾ ਅਤ ਭਜਨ ਕਰੇਗਾ ਸੋ ਉਸਕੇ ਵਾਸਤੇ ਸਭ ਸੁਖ ਹੋਨਗੇ। ਰਿਜਕ ਦੇ ਵਿਚ ਭੀ ਬਰਕਤ ਹੋਊਗੀ, ਸਰੀਰ ਭੀ ਅਰੋਗ ਰਹੇਗਾ।

(੨੨)

ਜੋ ਸਨਬੰਧੀ ਸਰੀਰ ਛੋੜ ਜਾਇ ਤਾਂ ਉਸਦੇ ਪਿਛੇ ਰੋਣਾ ਪਿਟਣਾ ਨਹੀਂ। ਜੋ ਕਿਛ ਬਣਿ ਆਵੇ ਜਥਾ ਸ਼ਕਤ ਪੁੰਨ ਦਾਨ ਭੋਗ ਪਾਠ, ਸਿਖਾਂ ਨੂੰ ਪ੍ਰਸਾਦ ਬਸਤ੍ਰ ਪੋਸ਼ਾਕ ਜਿਤਨੀ ਬਣਿ ਆਵੇ ਸੋ ਕਰਨਾ। ਰੋਣੇ ਪਿਟੇ ਤੇ ਇਕ ਤਾਂ ਪ੍ਰਮੇਸਰ ਤੇ ਬੇਮੁਖੀ ਹੁੰਦੀ ਹੈ ਅਰ ਸਰੀਰ ਨੂੰ ਭੀ ਕਸ਼ਟ ਹੁੰਦਾ ਹੈ ਨਾਲੇ ਹਥ ਪਲੇ ਭੀ ਕੁਛ ਨਹੀਂ ਪੈਂਦਾ। ਨਾਲੇ ਸੁਣਿਆ ਹੈ ਜਿਸਨੂੰ ਰੋਂਦੇ ਹੈਨਿ ਉਸਨੂੰ ਭੀ ਖੇਦ ਹੁੰਦਾ ਹੈ। ਸੀਂਢ ਅਰ ਰੋਣ ਦਾ ਪਾਣੀ ਉਸ ਪ੍ਰਾਣੀ ਦੇ ਉਤੇ ਗਿਰਦਾ ਹੈ। ਤਾਂ ਉਹ ਪ੍ਰਾਣੀ ਆਖਦਾ ਹੈ: ਜੇ ਪ੍ਰਮੇਸਰ ਏਨਾ ਦਾ ਕੋਈ ਹੋਰ ਮਰੇ ਤਾਂ ਅਛਾ ਹੈ, ਇਹ ਮੇਰਾ ਪਿਛਾ ਕਿਵੇਂ ਛਡਣ।



Sri Satguru Jagjit Singh Ji eLibrary NamdhariElibrary@gmail.com

(੨੩)

ਭੇਖਾਂ ਦੀ ਸੇਵਾ ਕਰਨੀ ਜਥਾ ਸਕਤਿ। ਭਾਵੇਂ ਨਿੰਦਾ ਹੀ ਕਰਨ ਵਾਲਾ ਹੋਵੇ। ਸੇਵਾ ਕਰਨ ਵਾਲੇ ਕੋ ਸੇਵਾ ਦਾ ਫਲ' ਨਿੰਦਾ ਵਾਲੇ ਨੂੰ ਨਿੰਦਾ ਦਾ। ਆਪ ਸਭ ਤੇ ਸਾਥ ਅਨੰਦ ਰਹਿਣਾ।

(੨੪)

ਸਾਰੇ ਆਦਮੀ ਤਾਂ ਕਦੇ ਬੀ ਨਹੀਂ ਰਾਜ਼ੀ ਹੋਏ ਕਿਸੇ ਨਾਲ ਬੀ ਆਪ ਨਾ ਕਿਸੇ ਨੂੰ ਗੁਸੇ ਕਰਨਾ। ਆਪੇ ਗੁਸੇ ਜੇ ਕੋਈ ਹੋਵੇ ਤਾਂ ਉਹ ਜਾਣੇ।

(੨੫)

ਤੁਸੀਂ ਨਹੀਂ ਕਿਸੇ ਨਾਲ ਵੈਰ ਭਾਉ ਰਖਣਾ। ਜੇ ਕੋਈ ਤੁਸਾਂ ਤੇ ਰਖੇ ਤਾਂ ਪਿਆ ਰਖ ਮਰੇ, ਆਪੇ ਹੀ ਹਾਰ ਜਾਊਗਾ।

(੨੬)

ਲਾਰਾ ਦੇਕੇ ਜਵਾਬ ਦੇਣਾ ਬੜਾ ਦੋਸ਼ ਹੈ।

(੨੭)

ਭਜਨ ਬਿਨਾ ਦੁਆਈ ਬੀ ਫੇਦਾ ਨਹੀਂ ਕਰਦੀ।

(੨੮)

...ਐਸੇ ਗਰੀਬ ਦੀ ਸੇਵਾ ਕਰੀ ਦਾ ਬਹੁਤ ਮਹਾਤਮ ਹੁੰਦਾ ਹੈ, ਸਤਿ ਕਰਕੇ ਮੰਨਣਾ, ਕਿਉਂਕਿ ਮੰਗਣ ਵਾਲਾ ਤਾਂ ਮੰਗ ਲੈਂਦਾ ਹੈ, ਇਕ ਥਾਉਂ ਨ ਮਿਲੇ ਦੂਜੇ ਥਾਉਂ ਤੇ ਮੰਗ ਲੈਂਦਾ ਹੈ। ਜਿਸ ਨੇ ਨਾ ਮੰਗਣਾ ਹੋਵੇ ਨਾ ਪਲੇ ਕੁਛ ਹੋਵੇ ਉਸ ਦੀ ਸੇਵਾ ਦਾ ਬਹੁਤ ਲਾਭ ਹੁੰਦਾ ਹੈ।

(੨੯)

ਕੌੜਾ ਫਿੱਕਾ ਨਾ ਬੋਲਣਾ ਕਿਸੇ ਨਾਲ। ਫਿਕਾ ਕਾਸਨੂੰ ਬੋਲਣਾ ਹੈ। ਕੀ ਥੁੜਾ ਹੈ ਫਿੱਕਾ ਬੋਲਣ ਬਿਨਾ।

(੩੦)

ਪੋਥੀ ਤਾਂ ਗ੍ਰੰਥ ਸਾਹਿਬ, ਨੌਂ ਸਾਖੀ, ਪ੍ਰੇਮ ਸੁਮਾਰਗ ਹੁਕਮਨਾਮਾ ਹੈ ਸਾਰੀ ਸਾਧ ਸੰਗਤ ਕੋ, ਅਰ ਸਾਰੇ ਭੇਖਾਂ ਨੋ, ਜਾਤਾਂ ਕੋ ਅਰ ਮੈਂ ਬੀ ਸਾਰੀ ਸੰਗਤਿ ਦੇ ਵਾਸਤੇ ਲਿਖਕੇ ਭੇਜ ਦਿਤਾ ਹੈ।

...ਬਿਨਾ ਹੁਕਮ ਮੰਨੇ ਭਾਵੇਂ ਸੌ ਹੁਕਮਨਾਮਾ ਹੋਵੇ ਪਾਸ ਕੁਛ ਸੁਖ ਨਹੀਂ ਹੁੰਦਾ।

(੩੧)

ਭਜਨ ਪਾਠ, ਫੇਰ ਪਾਹਿ ਤਕੜੇ ਹੋ ਕੇ ਤਾਂ ਸਭੇ ਕੰਮ ਸੌਰ ਜਾਣਗੇ।

(੩੨)

ਮੇਰੇ ਤੇ ਸਰੀਰ ਕਰਕੇ ਭਾਵੇਂ ਕਿਤਨੀ ਦੂਰ ਰਹੇ ਪਰ ਜੋ ਭਜਨ ਬਾਣੀ ਕਰੇ ਤਕੜਾ ਹੋ ਕੇ, ਉਹ ਮੇਰੇ ਪਾਸ ਹੈ ਮੈਂ ਉਸਦੇ ਪਾਸ ਹਾਂ ਸਦਾ ਹੀ।

...ਬਿਨਾ ਭਜਨ ਬੰਦਗੀ ਜੇ ਮੇਰੇ ਪਾਸ ਬੀ ਭਾਵੇਂ ਰਹੇ ਰਾਤ ਦਿਨ, ਉਹ ਤਾਂ ਮੇਰੇ ਤੇ ਬਹੁਤ ਦੂਰ ਜਾਣਨਾ। ਨਾਲੇ ਪ੍ਰਮੇਸਰ ਤੇ ਬੀ ਦੂਰ ਜਾਨਣਾ।

(੩੩)

ਧੀਰਜ ਬਡੀ ਚੀਜ਼ ਹੈ। ...ਬਾਧਾ ਕਰਨੇ ਤੇ ਤਾਂ ਰਾਜਸੀ ਅਤੇ ਪਾਤਸਾਹੀਆਂ ਦਾ ਨਾਸ ਹੋਇ ਗਿਆ ਹੈ।

(੩੪)

ਰੰਡੀ ਦੇ ਸੰਗ ਤੇ ਇਕ ਤਾਂ ਸਰੀਰ ਨੂੰ ਦੁਖ ਲਗ ਜਾਂਦਾ ਹੈ। ਦੂਜਾ ਪੈਸਾ ਬਰਬਾਦ ਜਾਂਦਾ ਹੈ। ਤੀਆ ਧਰਮ ਜਾਂਦਾ ਹੈ। ਚੌਥਾ ਲੋਕਾਂ ਮੇਂ ਬਹੁਤ ਭੰਡੀ ਹੁੰਦੀ ਹੈ।

(੩੫)

ਰੰਡੀ ਮੁੰਡੇ ਤੇ ਬਹੁਤਾ ਕਰਕੇ ਬਚਣਾ। ਇਹ ਤਾਂ ਨਿਰਾ ਘਾਟੇ ਦਾ ਹੀ ਥਾਉ ਹੈ, ਨਫਾ ਕੋਈ ਬੀ ਨਹੀਂ, ਭੁਲਾ ਭੁਲਾ ਸੋ ਭੁਲਾ ਅਗੇ ਤਕੜੇ ਰਹਿਣਾ।

(੩੬)

ਜੋ ਮੈਂ ਹੁਕਮ ਦੇਊਂਗਾ ਸੋ ਮੈਂ ਕਿਸੇ ਦੇ ਬੁਰੇ ਵਾਸਤੇ ਨਹੀਂ ਦੇਂਦਾ।

(੩੭)

ਏਹੋ ਬਚਨ ਤਾ ਇਕ ਦੋ ਵਾਸਤੇ ਨਹੀਂ ਸਭਸੇ ਹੋਨ। ਜੋ ਏਨਾ ਬਚਨਾ ਨੂੰ ਮੰਨੇਗਾ ਤਿਸ ਨੂੰ ਬਹੁਤ ਲਾਭ ਹੋਊਗਾ।

(੩੮)

ਜਿਥੇ ਨਾ ਹੋਊ ਸਾਰੇ ਸੁਕ੍ਰਿਤ ਆਏ ਕਠੇ ਹੋਣਗੇ ਅਰ ਸਾਰੇ ਹੀ ਦੁਕ੍ਰਿਤ ਭਜਿ ਜਾਣਗੇ।

*

[ਸੰਗ੍ਰਹਿ : ਪ੍ਰੀਤਮ ਸਿੰਘ ਕਵੀ]



Sri Satguru Jagjit Singh Ji eLibrary NamdhariElibrary@gmail.com

# JANTA

## HYDRAULIC PRESSES

- Known for trouble free service
- More out put with less cost
- Satisfaction guaranteed
- Easy to operate
- Simple to maintain



FOR GENERAL MOULDED RUBBER GOODS



DOWN STROKE HEAVY DUTY for Harrow Discs, Rim Plates & Brake Linnings



FOR VULCANIZING OF CONVEYOR & TRANSMISSION BELTINGS



FOR STRAIGHTENING BENDING, PRESSING & FASTENING

JEW

**JANTA ENGINEERING WORKS**
G.T. ROAD, P.O. MOHAN NAGAR,
RAJINDER NAGAR, INDUSTRIAL AREA
GHAZIABAD (INDIA)
PHONE : 201286 (CONNECTED WITH DELHI)

https://archive.org/details/namdhari

# ਸਿੰਘ ਕੂਕਿਓਂ ਕੀ ਕਥਾ



ਗਿਆਨੀ ਗਿਆਨ ਸਿੰਘ

ਗਿਆਨੀ ਗਿਆਨ ਸਿੰਘ ਦਾ ਨਾਮ ਸਿਖ ਇਤਿਹਾਸਕਾਰਾਂ ਦੀ ਮੋਹਰਲੀ ਕਤਾਰ ਵਿਚ ਆਉਂਦਾ ਹੈ। ਆਪ ਨਿਰਮਲੇ ਮਹਾ ਪੁਰਖ ਸਨ ਅਤੇ ਬਾਅਦ ਵਿਚ ਸਿੰਘ ਸਭਾ ਲਹਿਰ ਅਤੇ ਭਾਈ ਵੀਰ ਸਿੰਘ ਜੀ ਦੇ ਅਦਾਰੇ ਨਾਲ ਸੰਬੰਧਤ ਰਹੇ। ਆਪ ਦੀ ਪਰਸਿਧ ਪੁਸਤਕ ਪੰਥ ਪ੍ਰਕਾਸ਼ ਵਿਚ ਨਾਮਧਾਰੀ ਪੰਥ ਬਾਰੇ ਤੇ ਸਤਿਗੁਰੂ ਬਾਲਕ ਸਿੰਘ, ਸਤਿਗੁਰੂ ਰਾਮ ਸਿੰਘ ਬਾਰੇ ਅਠਾਈ ਕਬਿਤ ਹਨ। ਗਿਆਨੀ ਗਿਆਨ ਸਿੰਘ ਜੀ ਸਤਿਗੁਰੂ ਰਾਮ ਸਿੰਘ ਦੇ ਸਮਕਾਲੀ ਲੇਖਕ ਹਨ। ਕੁਝ ਕੁ ਗਲਾਂ ਉਹਨਾਂ ਦੀਆਂ ਨਾਮਧਾਰੀ ਮਾਨਤਾਵਾਂ ਤੋਂ ਭਿੰਨ ਹਨ ਪਰ ਜਿਸ ਈਮਾਨਦਾਰੀ ਨਾਲ ਉਹਨਾਂ ਇਹ ਇਤਿਹਾਸ ਚਿਤਰਿਆ ਅਤੇ ਸਥਿਤੀਆਂ ਤੇ ਟਿਪਣੀਆਂ ਕੀਤੀਆਂ ਹਨ ਉਹ ਬਹੁਤ ਸ਼ਲਾਘਾਯੋਗ ਹਨ। ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਵਿਚੋਂ ਨਾਮਧਾਰੀਆਂ ਬਾਰੇ ਕਬਿਤਾਂ ਨੂੰ ਅਕਸਰ ਛਡਿਆ ਜਾਂਦਾ ਰਿਹਾ ਹੈ। ਇਸ ਵਾਸਤੇ ਅਸੀਂ ਸਾਰੇ ਦੇ ਸਾਰੇ ਅਠਾਈ ਕਬਿਤ ਪੁਰਾਤਨ ਪੰਥ ਪ੍ਰਕਾਸ਼ ਵਿਚੋਂ ਪ੍ਰਕਾਸ਼ਤ ਕਰ ਰਹੇ ਹਾਂ।

—ਸੰਪਾਦਕ

ਪੰਥ ਖਾਲਸੇ ਮੇਂ ਏਕ ਸਾਖ ਕੂਕੇ ਸਿੱਖਨ ਕੀ,
ਤੀਸਰ ਬਰਸ ਤੈ ਜੋ ਬਿਦ ਤੇ ਮਹਾਨ ਹੈ।
ਸਕਦ ਜੋ ਮਸਤੀ ਮੇਂ ਹਾਲ ਤੇ ਬੇਹਾਲ ਹੋਏ,
ਸੀਸ ਤੇਂ ਉਤਾਰ ਜਾਤ ਦਸਤਾਰ ਭਾਨ ਹੈ।
ਸਹੀ ਨਾਮ ਨਾਮਧਾਰੀ ਅਹਿ ਤਿਨ ਕਾ ਉਦਾਰੀ,
ਕੂਕ ਮਾਰਨੇ ਤੇ ਕੂਕੇ ਜਗਤ ਬਖਾਨ ਹੈ।
ਏਕ ਦਸਤਾਰ ਕੇ ਉਤਾਰ ਬਿਨ ਔਰ ਰੀਤ,
ਚਾਹੀਅਤ ਜੈਸੀ ਤੈਸੀ ਤਿਨ ਮੇਂ ਪ੍ਰਮਾਨ ਹੈ। ੧

ਭਏ ਕੂਕੇ ਜੈਸ ਅਬ ਸੁਨ ਲੇਹ ਤੈਸ ਸਭ,
ਰਾਜ ਸਿੰਘੀ ਦੇਸ ਜਬ ਏਸ ਏਸ ਜਾਵਤੈ।
ਅਟਕ ਦਰਯਾਓ ਤਟ ਛੋਈ* ਨਾਮ ਗ੍ਰਾਮ ਮਾਹਿ,
ਪੰਠਹਾਰ ਦੇਸ ਮਾਹਿ ਸਭ ਅਮਰਾਵ ਤੇ।
ਸੰਮਤ, ਅਠਾਰਾਂ ਸੌ ਛਿਪੰਜਾ ਮੇਂ ਬਾਲਕ ਸਿੰਘ,
ਭਯੋ ਅਵਤਾਰ ਤਾਹਿ ਲੀਜ ਅਸ ਭਾਵ ਤੇ।
ਜਾਤ ਕਾ ਅਰੋੜਾ ਭਯੋ ਭਗਤ ਅਮੋੜਾ,
ਨਾਮ ਜਪਯੋ ਨਾ ਥੋੜਾ ਛੋੜਾ ਬਿਖੈ ਰਮਜਾਵਤੇ। ੨

ਨਾਮ ਸਿੰਘ ਬਾਲਕ ਪੈ ਪਾਲਕ ਪੈਗੰਬਰੋਂ ਕੇ,
ਅੰਬਰੋਂ ਕੇ ਮਾਲਕ ਅਡੰਬਰੋਂ ਤੇ ਨਿਆਰੀ ਹੈਂ।
ਤਾਲਕ ਰਖੈਂ ਹੈ ਏਕ ਪਾਲਕ ਸੋਂ ਸਾਲਕ ਸੋਂ,
ਹਾਲਕ ਨਿਕਾਰਨ ਕੇ ਹਾਲਕ ਵਿਰਾਗੀ ਹੈਂ।
ਕੋਟਿ ਰਾਖੀ ਘਟ ਦੀਪ ਜਿਮ ਜਿਗ ਅਜਮਤ,
ਸਜਮਤ ਭਗਤ ਵਿਹੱਕਤ ਅਦਾਗੀ ਹੈਂ।
ਕੀਰਤਨ ਕਥਾ ਸਤਸੰਗ ਜਥਾ ਜੋਗ ਤਪ,
ਦਾਖ ਤਥਾ ਜਾਪ ਤਥਾ ਭਜਨ ਸੁ ਲਾਗੇ ਹੈਂ। ੩

ਸੰਮਤ ਪਚਾਸੀਏ ਮੈਂ ਹਜਰੋ ਗ੍ਰਾਮ ਮਾਂਹਿ,
ਜਾਏ ਤਾਹਿ ਕੇ ਦੁਕਾਨ ਆਏ ਤਹਾਂ ਜੋ ਕਹੀਂ।
ਜਾਹਿ ਹੇਤ ਬਾਲਕ ਗਰੰਥ ਕੀ ਕਥਾ ਤਹਾਂ,
ਆਇਕੇ ਨਿਵਾਸ ਕੀਨ ਬਿਦਤ ਕਰਕੇ ਖਾਈ।
ਤਾਹਿ ਕੇ ਪ੍ਰਤਾਪ ਕਰ ਹਜਰੋ ਅਮਾਪਕਰ,
ਭਯੋ ਜਸ ਔਰਕਰ ਮੰਦਰਾ ਚਲੇ ਗਈ।
ਰਹੇ ਲੋਗ ਕਦਾਗ੍ਰਹੀ ਛਤ੍ਰੀਂ ਮੇਂ ਮਤ ਧਾਰੀ,
ਸੰਤ ਸੰਗ ਮਾਹਿ ਜਾਰੀ ਸੰਤ ਸੇਵਾ ਨਈ। ੪

*ਸੰਤ ਇੰਦਰ ਸਿੰਘ ਚਕ੍ਰਵਰਤੀ ਅਨੁਸਾਰ ਸਰਵਾਲਾ ਪਿੰਡ



Sri Satguru Jagjit Singh Ji eLibrary NamdhariElibrary@gmail.com

ਬਾਲਕ ਮੁਗੇਸ਼ ਤੇ ਵਿਸ਼ੇਸ਼ ਉਪਦੇਸ਼ ਨਾਮ,
ਧਜੀ ਨਰ ਨਾਰੀ ਲੈ ਅਪਾਰੀ ਭਵ ਤੈ ਤਰੇ।
ਔਰ ਵਿਸ਼ਰਾਮ ਕਈ ਬਾਰ ਕਰਤਾਰ ਦਯੋ,
ਨਾਮ ਦੇ ਉਧਾਰ ਨਰ ਜੀਵਨ ਜਾ ਤੂੰ ਖਰੇ।
ਐਂ ਪੈ ਗੁਰ ਦਸਮ ਦਰਸ ਦੇ ਜੋ ਕਹਿਯੋ ਥਾਹਿ,
ਮੇਰੋ ਅਵਤਾਰ ਅਸਿ ਰਾਮ ਸਿੰਘ ਹਵੈ ਭਰੇ।
ਜਾਹਿ ਹੇਤ ਤਾਹਿ ਨਾਹਿ ਔਰ ਕਾਹਿ ਮਾਹਿ,
ਤਿਸ ਸਰਤ ਰਖਾਈ ਗੁਰਵਾਕ ਸਿਰ ਪੈ ਧਰੇ। ੫

ਸ਼ੇਦੀ ਨੌਰ ਵੂਗੀ ਆਏ ਸੰਮਤ ਸਹਤਹਿੰ ਮੈਂ,
ਮਾਘ ਸੁਦੀ ਪੰਚਮੀ ਸਵਰਂ ਗੁਰ ਵਾਰਕੇ।
ਜਿਲੇ ਲੁਧਿਆਣੇ ਗ੍ਰਾਮ ਭੈਣੀ ਨਾਮ ਜਾਣੇ ਆਮ।
ਅਵਤਰੇ ਸਿੰਘ ਰਾਮ ਕਲਮਲੋ ਟਾਰ ਕੈ।
ਜਾਤ ਤਰਖਾਨ ਸੱਚੇ ਨਾਮ ਕੇ ਅੱਦਸੇ ਘਰ,
ਸਦਾ ਮਾਰ ਜੈ ਪਰਕਾਸ਼ੇ ਨਾਮ ਪਰਚਾਰ ਕੈ।
ਬਾਲਕ ਹੀ ਪਨ ਸੈ ਥੇ ਦੀਸਵਤ ਹੋ ਮਨ ਸੇ ਥੇ,
ਧਿਆਵ ਤੇ ਸਗਨ ਥੇ, ਸਨੋ ਕੇ ਸੁਧਾਰ ਕੇ। ੬

ਬਡੇ ਭਏ ਜਾਏ ਕੇ ਲਹੌਰ ਪਲਟਨ ਮਾਹਿ
ਨਾਨ ਲੈਨ ਨੌਕਰੀ ਪਰਾਨ ਕੇ ਸੁਕ੍ਰਿਤ ਹੈ।
ਬਾਣੀ ਗੁਰ ਕੀ ਪਢੇ ਹੈ ਭਜਨ ਕਰੈ ਹੈ ਚੇ ਹੈ
ਰਹਿਨੋ ਵਿਰੱਤ ਹੋ ਹੈ ਆਪ ਜੋ ਕੌਥਿਤ ਹੈ।
ਸੰਮਤ ਅਠਾਰਾਂ ਸੌ ਅਠਾਰਵੇਂ ਮੈਂ ਪਲਟਨ
ਗਈ ਥੀ ਸੋ ਦਜਤੋ ਮੈ ਰਾਗ ਖਾਨ ਹਿਤ ਹੈ।
ਸੰਤਨ ਕੇ ਮਿਲਬੇ ਕਾ ਤ੍ਰੌਰ ਥਾ ਮਹਾਨ ਧਾਮ,
ਸਿੰਘ ਦਰਸਾਤੋ ਧਾਤੇ ਜਾਏ ਜਿਤ ਕਿੱਤ ਹੈ। ੭

ਬਾਲਕ ਮੁਗੇਦ ਕਾ ਵਿਸ਼ੇਸ਼ ਜਸ ਸੁਨ ਸੋਊ
ਕੌਕਲ ਬਗਕ ਸੁਤ ਸਮ ਹੁਲਸਾਏ ਨੇ।
ਪਰਾ ਪੁੰਨ ਪੁੰਜ ਜਾਹਿਰੀ ਹੋਗਏ ਮੈਂ ਖੂਬ ਦੇਖਾਯੋ,
ਵਡਭਾਗੀ ਪਰੰਮ ਪਾਗਜੇ ਗਹੇ ਪਗ ਜਾਇਕੈ।
ਪੇਖ ਅਧਿਕਾਰੀ ਚੀਜ ਅੰਸ ਅਵਤਾਰੀ,
ਤਬ ਬਾਲਕ ਮੁਗਾਰੇ ਦੀਓ ਨਾਮ ਮੁਦ ਥਾਇ ਕੇ।
ਸਾਰ ਚਾਰ ਬੇਦਨ ਕੇ ਭਰਮ ਭੇਦ ਛੇਦਨ ਕੋ,
ਦਾਵੇਂ ਨਿਰਵੈਦਨ ਕੌ ਦੇਖ ਦੁਖ ਘਾਟੇ ਕੈ। ੮

ਦੀਓ ਮੰਤਰ ਰਾਜ ਸ੍ਰੀ ਵਾਹਿਗੁਰੂ ਰਾਜ ਸਾਜ,
ਜਾਹਿ ਸਮ ਔਰ ਨ ਦਰਾਜ ਵਲ ਦਾਇਕੈ।
ਕੌਊ ਕਹਿਣ ਬੇ ਕਲਾਮ ਦੀਨੀ ਸਮੱਦਾਨੀ,
ਸੋਊ ਗਤ ਕੂਰ ਹਾ ਪੇਖਿਓ ਅਜਾਏ ਕੈ।
ਏਹੀ ਕਲੀਕਾਲ ਕੀ ਕਰਾਲਤਾ ਕੁਚਾਲਤਾ ਕੋ,
ਗਾਲਤਾ ਹੈ ਟਾਲਤਾ ਚੁਣਾਸੀ ਜੋਨ ਮਾਇ ਕੇ।
ਇਸੇ ਹੀ ਭਜਨ ਮਾਹਿ ਰਾਮ ਸਿੰਘ ਸੋਊ ਛਾਹਿ,
ਲਾਈ ਲਿਵ ਅਧਕਾਏ ਗਗਨਾ ਟਲਾਏ ਕੈ। ੯

ਕਾਰਬਾਰ ਜਗ ਕੇ ਅਸਾਰ ਲਖ ਛਾਪ ਸਭ,
ਧਾਰ ਸੁਅਚਾਰ ਔ ਵੀਚਾਰ ਵੀਖ ਰਹਿ ਹੈ।
ਮਸਤ ਸ਼ਰਾਬੀ ਜਿਊਂ ਰਹਾਬੀ ਬ੍ਰਿਤ ਏਕ ਰਸ,
ਦਾਖੀ ਦਲਗੀਰੀ ਫਬੀ ਖੁਸ਼ੀ ਤੇ ਅਚਹਿ ਹੈ।
ਹੋਦ ਕਰ ਇੰਦ੍ਰੀ ਨਿਰੋਧ ਮਨ ਕੌ ਪ੍ਰਬੋਧ,
ਸੋਧ ਸੁਧ ਠੌਰ ਨਦੀ ਸਰ ਤਟ ਬਹਿ ਹੈ।
ਜੀਹ ਨਾਮ ਜਪ ਮਾਹਿ ਤਨ ਤਾਪੰ ਤਪ ਮਾਹਿ,
ਮਨ ਮਹਿਬੂਬ ਮਾਹਿ ਖੂਬ ਰਾਖਯੋ ਗਹਿ ਹੈ। ੧੦

ਕੀਨਕ ਬਰਨ ਸਭ ਸਰਨ ਧਿਤਾਏ ਔਸ,
ਥੇਦਰੀ ਜੌਹਦ ਜਾਪ ਕੀਨੇ ਮਨ ਲਾਇ ਹੈ।
ਦਾਸੀ ਜੌਊ ਨਾਮ ਕੀ ਪ੍ਰਕਾਸ਼ੀ ਰਿਧ ਸਿਧ ਸੋਊ,
ਭਾਨੀ ਖਾਣੀ ਮੈਂ ਤਮੋਰ ਭਜਨ ਪ੍ਰਭਾਏ ਕੈ।
ਭਈ ਤੋ ਅਕਾਮ ਬਾਨੀ ਧਾਮ ਜੋ ਮਹਾਨੀ ਤਾਹਿ,
ਦੇਹੋਂ ਨਾਮ ਜੀਵਨ ਕੋ ਸੋਖ ਛੁਰਦਾਏ ਕੇ।
ਪੰਥ ਗੁਰੂ ਦਸਮ ਕੀ ਰਸਮ ਬਢਾਵੈ ਸਦਾ,
ਖਸਮ ਕਾ ਖਾਲਸਾ ਹੈ ਖਾਸ ਸੋ ਲਖਾਏ ਕੇ। ੧੧

ਪਾਏ ਇਹ ਹੁਕਮ ਪਰਮੇਸ਼ ਕਾ ਧਰੇਸ ਚਿਤ
ਰਾਮ ਸਤਗੁਰ ਉਪਦੇਸ਼ ਦੇਨ ਲਾਗਿਓ।
ਹੁੰਕੇ ਛੁਡਵਾਏ ਰਖਵਾਏ ਕੇਸ ਮੋਨਿਓ ਕੇ
ਸੁਦਾ ਛਕ ਥਾਪਿ ਸਿਖ ਭਾਗ ਜਿਨੋ ਜਾਗਿਓ।
ਛੇਲਿਓ ਜਸਤਾਰੀ ਸਿਖ ਥੀਵੇਂ ਤਾਹਿ ਕੇ ਅਧਾਰੀ
ਸਿਖ ਪੰਥ ਵਿਚਾਇਓ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ
ਠੱਗੀ ਤਜ ਥੀਵੇਂ ਸੰਤ ਸਤਗੁਰ ਆ ਗਿਓ। ੧੨



Sri Satguru Jagjit Singh Ji eLibrary NamdhariElibrary@gmail.com

ਕਰਤੇ ਦੁਕਾਨ ਲੈਂਹਿ ਕਪੜੇ ਕੋ ਰਾਮ ਸਿੰਘ
ਤਾਂ ਤੇ ਠਵਾ ਖਾਏ ਜੋਊ ਆਪ ਪੈਨੇ ਖਾਏ ਹੈ।
ਸੰਗਤ ਅਪਾਰ ਆਵੈ ਦਰਸ਼ਨ ਤਹਾਂਵੇ ਭੀਰ
ਪੂਜਾ ਜੋ ਚੜ੍ਹਾਵੇ ਸੋ ਤੋ ਲੰਗਰ ਮੈਂ ਪਾਵੇ ਹੈ।
ਲੇਹੈ ਜੋਊ ਨਾਮ ਆਏ ਸੋਊ ਤੋ ਮਸਤ ਧਾਇ
ਚਮਤਕਾਰ ਭਾਰ ਦਾਖ ਹਾਲ ਚਲ ਜਾਇ ਹੈ।
ਦੇਤ ਭੇਤ ਨਾਹਿ ਕਾਹਿ ਕਬੀ ਦੂਸਰੇ ਕੋ ਕਹਿ
ਧਾਹਿ ਤੇ ਕਲਾਮ ਬਹੁ ਲੋਗ ਸੋ ਬਤਾਇ ਹੈ। ੧੩

ਦੇਸ਼ ਮੈਂ ਧੂਮ ਮਾਚੀ ਸਾਚੀ ਇਮਤਾਹਿ ਤਬ
ਆਵੈ ਲੋਗ ਸਿਖ ਥਾਵੈਂ ਅਜ਼ਮਾਵੈ ਤੈਸਹੀ।
ਮਾਲਵੇ ਦੁਆਬੇ ਮਾਝੇ ਪੋਠੋਹਾਰ ਤੇ ਅਪਾਰ
ਥੀਏ ਸਿਖ ਬੇਸ਼ੁਮਾਰ ਤੀਨ ਲਾਖ ਐਸ ਹੀ।
ਮੁਖੇ ਕੀਨੇ ਬਾਈ ਤਿਨ ਅਕਬਰ ਸਾਹਿ ਜਿਆਈ
ਉਨ ਕੀ ਜ਼ਬਾਨ ਮੈਂ ਤਸੀਰ ਬਾਈ ਵੈਸ ਹੀ।
ਨਰ ਨਾਰ ਸ਼ਬਦ ਅਪਾਰ ਪਢੈ ਗੁਰੂ ਕੇਰ
ਚਲਕੀ ਬਸਾਇ ਬਾਧ ਜਟੀਆਂ ਅਛੇਸ ਹੀ। ੧੪

ਹਮਨ ਕਰੇ ਹੈ ਲੋਗ ਗਰੰਥ ਜੀ ਕੇ ਪੜੇ ਥਕ
ਮੰਗਤੋਂ ਕੇ ਕੰਠ ਦੈਹੈ ਰਹੇ ਹੈ ਰਚਨਾ ਲਗੀ।
ਇਸ਼ਨਾਨ ਕਰ ਹੈ ਮੁਕੰਮਲ ਵੇਸ ਰਾਤ ਹੀ ਤੈ
ਵਾਹਿਗੁਰੂ ਨਾਮ ਮਾਹਿ ਰਾਖੈ ਰਸਨਾ ਪਗੀ।
ਰਾਖ ਹੈ ਪੁਸ਼ਾਕ ਪਾਕ ਸੁਕਲ ਉਜਲ ਮਾਲ
ਕਛ ਕੜਾ ਕਰਦ ਮਰਦ ਨਾਰ ਮਤ ਜੋ ਤਗੀ।
ਬਿਨਾਂ ਨਾਮਧਾਰੀ ਅੰਨ ਜਲ ਰੋਟੀ ਬੇਟੀ ਵਾਰੀ,
ਸਾਂਝ ਰਾਖ ਹੈ ਨ ਕਾਹੂੰ ਸੰਗ ਜਗ ਮੈਂ ਸਗੀ। ੧੫

ਬੇਦ ਬਾਣ ਤੀਰਥ ਪੁਰਾਨ ਸਾਧ ਬਿਪਰੋਂ ਕੋ,
ਮਾਨ ਹੈ ਨ ਦਾਨ ਪੁੰਨ ਦੇਹ ਔਰ ਕੋ ਕਬੀ।
ਆਪਸ ਮੈਂ ਦੇਤ ਲੇਤ ਹੈਂ ਸਹੋਤ ਸਾਕ ਨਾਤਾ,
ਰਾਜ ਲੇਣ ਕੇਰੀ ਇਛਿਆ ਮਨ ਸਬ ਕੇ ਰਚੀ।
ਮਰਨੇ ਔ ਪਰਨੇ ਮੈਂ ਬਿਪਰੋਂ ਬੁਲਾਵੈਂ ਨਾਹਿ,
ਆਨੰਦ ਪੜ੍ਹਾਵੈ ਰੀਤ ਗੁਰ ਘਰ ਕੀ ਲਬੀ।
ਰਾਮ ਸਿੰਘ ਹੀ ਕੋ ਸਤਿਗੁਰੂ ਅਵਤਾਰ ਪੀਰ,
ਜਾਨੈ ਜੋ ਬਖਾਨੈ ਸੋਊ ਮਾਨ ਹੈ ਸਹੀ। ੧੬

ਦੌਰ ਏਹੋ ਹਾਲ ਬੀਤੇ ਸਿਫਤ ਵਿਸਾਲ ਦੂਖੀ,
ਜੋਇਆ ਉਚਾਰੈ ਹਿੰਦੂ ਤੁਰਕ ਅਪਾਰੇ ਹੈਂ।
ਕਾਰਨ ਦਰਸ ਗੁਰਦਵਾਰਨ ਸਧਾਰਨ ਜੋ,
ਸ਼ਬਦ ਉਚਾਰਨ ਕਾਰਨ ਦਸਤਾਰੇ ਹੈਂ।
ਹੋਤ ਜੋ ਪੁਜਾਰੇ ਭਾਰੇ ਦੁਖੀ ਹੋਏ ਉਹਾਰੇ ਗਾਹੈਂ,
ਸਰਾ ਮਨਵਾਂਹਿ ਵਾਹਿ ਉਹ ਕੀ ਨਾ ਧਾਰੇ ਹੈਂ।
ਧੋਂਹੀ ਹੋਹੈ ਤੋਰਾ ਗੋਰਾ ਕੂਕਿਉਂ ਕਾ ਦੇਸਨ ਮੈਂ
ਬਾਢੇ ਅਤਿ ਭਾਰੇ ਹਿੰਦੂ ਤੁਰਕਨ ਤੇ ਨਿਆਰੇ ਹੈਂ। ੧੭

ਰਾਮ ਸਿੰਘ ਜੋ ਹੈ ਜਿਹ ਸਿਖ ਹਵੈ ਹਜਾਰੋਂ ਤਿੱਤ
ਭੇਟ ਦੇਤ ਹੈਂ ਅਮਿਤ ਖੇਲ ਦੀਨ ਬੈਨ ਹੈਂ।
ਦਮਦਮੇ ਸਾਹਿਬ ਮੁਕਤਸਰ ਜੋਇਉ ਪੈ
ਗਯੋ ਜਬ ਦਯੋ ਦਲ ਤਾਂਹਿ ਸੰਗ ਐਨ ਹੈਂ।
ਪੀਰ ਕੋ ਅਰੂਜ ਤੈਂ ਨਮੂਨ ਤਬ ਤਾਹਿ ਥਕ,
ਹਾਕਮ ਪੁਜਾਰੀ ਭਾਰੀ ਥੀਏ ਬਿਨ ਚੈਨ ਹੈਂ।
ਡਿਪਟੀ ਕਮਿਸ਼ਨਰ ਕੋਟਵਾਲ ਥਾਨੇਦਾਰ,
ਰੈਹੈਂ ਪੈਰਵਾਈ ਮਾਂਹਿ ਵਾਹਿ ਕੇ ਸਜੈਨ ਹੈਂ। ੧੮

ਅਦਬ ਹਿਫਾਜ਼ਤ ਇੰਤਜ਼ਾਮ ਰਾਖੈਂ ਵਾਹਿ,
ਲੋਕ ਜਿਸ ਜ਼ਿਆਮਨ ਰਾਖੈ ਖੇਲ ਥੋ ਕਰੈਂ।
ਰਾਮ ਸਿੰਘ ਵਾਹਿ ਅਰਦਾਸ ਇਤਫਾਕ ਥਾਇ
ਬਢ ਹੈ ਪ੍ਰਤਾਪ ਪੰਥ ਰੀਤ ਇਸ ਸੋਂ ਭਰੈਂ।
ਪ੍ਰਸਾਦ ਭੇਟ ਲੇਕੇ ਗਯੋ ਜਬ ਗੁਰ ਦੁਆਰੈ
ਮਿਲਕੇ ਪੁਜਾਰੀਉ ਨੇ ਕਹਯੋ ਐਸ ਹੂੰ ਖਰੈ।
ਤਾਕਿ ਕਰਵਾਇ ਪਕਾ ਰੇਹ ਤਨਖਾਹ ਦੇਹੁ
ਦਸਤਾਰ ਉਤਰੈ ਨ ਹਾਲ ਕਿਸੀ ਕੇ ਧਰੈਂ। ੧੯

ਅਹਿਕੋ ਰਾਮ ਸਿੰਘ ਉਤੇ ਬਾਤ ਨਾਹਿ ਬਾਤ ਸੋਤੇ
ਚੰਦੋ ਤਨਖਾਹਿ ਕਿਛੁ ਸਦਾ ਜੋਗ ਜੋ ਰਹਯੋ
ਹੁਤੋ ਪੁਰਦਵਾਰੇ ਕੇਤੂ ਸਾਹਿਬ ਜਾ ਜੋ ਮਹੰਤ,
ਮੰਗਲ ਮਰਦੇਨ ਤਾਹਿ ਪਰਪਥੇ ਕੋ ਜੋ ਕਰਯੋ।
ਚਾਹ ਹੈ ਨ ਕੂਚਾ ਕੋਊ ਕਬੀ ਨੀਚ ਰੰਗ ਅੰਗ,
ਲੀਲਾ ਸਿਰੋਪਾਉ ਰਾਮ ਸਿੰਘ ਆਗੇ ਲਿਆ ਧਰਿਯੋ।
ਸਵੀ ਕਾਹਿ ਲੋਊ ਨਿਜ ਸੀਸ ਪਰ ਧਾਰ ਲੀਨੋ
ਰੋਂਕੀ ਨ ਪੁਜਾਰੀਉ ਨੇ ਇਤਫਾਕ ਹੈ ਕਰਿਯੋ। ੨੦



Sri Satguru Jagjit Singh Ji eLibrary NamdhariElibrary@gmail.com

ਐਸ ਹੀ ਅੰਨਦਪੁਰ ਗਏ ਜਬ ਹੋਰਾ ਰਹਿਯੋ,
ਸੰਮਤ ਉਨੀਸ ਬਾਈ ਤੱਈ ਮਧ ਚੰਗਾ ਹੈ।
ਦੀਪਮਾਲ ਵੇਖੀ ਸਾਲ ਦੂੰ ਜੀ ਪਰਸੁਧਾ ਸਰ
ਆਏ ਹਾਕਮੈਂ ਨੇ ਕੀਤੀ ਖਾਤਰ ਤੁਰੰਗ ਹੈ।
ਉਤਰਿਯੋ ਬਾਹਰ ਰਾਣੀ ਪਿੰਡ ਵਰਵਾਲੇ ਦੂੰ ਤੇ
ਬੀਸਕ ਹਜ਼ਾਰ ਕੂਕਾ ਸਿੰਘ ਥਯੋ ਸੰਗ ਹੈ।
ਪਰਸਾਦ ਭੇਟ ਲੈ ਅਪਾਰ ਆਪ ਦਰਬਾਰ
ਆਖੋ ਤੋਂ ਪੁਜਾਰੀਉ ਨੇ ਕੀਨਿਓ ਕੁਢੰਗ ਹੈ।੨੧

ਕੋਈ ਤੋਂ ਹਜ਼ਾਰੋਂ ਹੀ ਰੁਪਿਆ ਰਿਸ਼ਵਤ ਮਾਂਗੇ
ਕੋਉ ਤਨਖਾਹ ਚਾਰ ਪਾਂਚ ਲਾਖ ਮੰਗ ਹੈ।
ਹੋਇਕੇ ਮਸਤ ਕੋਊ ਕੂਕਾ ਨ ਉਤਾਰੇ ਪਾਰ
ਸਿਖ ਨ ਕਹਾਵੈ ਤੇਰੇ ਧਾਰੇ ਨੀਲ ਅੰਗ ਹੈ।
ਕਹਿਕੇ ਰਾਮ ਸਿੰਘ ਰੋਹ ਬਾਤ ਸਤ ਗੁਰੂ ਵਸ
ਸਕਤਿ ਨ ਮੋ ਮੈਂ ਏਤੀ ਹੋਤ ਮਨ ਚੰਗ ਹੈ।
ਤਨਖਾਹਿ ਆਹਿ ਮੇਰੀ ਹਤਰ ਦਿਯਾ ਜੋ ਕੋਊ
ਲੇਹੁ ਫੇਰ ਵਾਹਿ ਕਰ ਸਹੀ ਜੋ ਸਿਰੰਗ ਹੈ।੨੨

ਖੰਡੇ ਤਲਵਾਰ ਵਿਚ ਸ਼ਾਸਤ੍ਰ ਪੈ ਤਾਰ ਜਬ
ਬਹਤੀ ਨਿਹਾਰ ਰਾਜ ਰਾਮ ਸਿੰਘ ਜੂ ਤਬੈ।
ਗੁਰਦੁਆਰੇ ਆਗੇ ਫਿਰ ਆਪ ਹੀ ਅਰਦਾਸ ਕਰ,
ਦੀਤੇ ਬਰਤਵਾਏ ਪਰਸਾਦ ਸਭਨੇ ਸਬੈ।
ਗਾਵਤੇ ਸਬਦ ਪਾਹੁਲਾਂ ਲੈ ਗਏ ਡੇਰੇ,
ਐਸੇ ਹੀ ਨਿਹਾਲਿਉਂ ਕੇ ਸਾਥ ਕੀਨ ਦਿਨ ਹੈ ਅਬੈ।
ਪੰਥ ਰੂਪ ਮਾਹਿ ਕਾਂਜੀ ਡਾਰੀ ਹੈ ਪੁਜਾਰੀਉਨ,
ਮੇਲ ਹੋਣ ਦੇਤ ਨ ਧਰਦੀ ਮੱਦ ਮੇਂ ਛਬੈ।੨੩

ਜਦਪਿ ਪੁਜਾਰੀ ਥੇ ਸ਼ਿਰੋਮਨੀ ਥਿਲੇ ਲੇਹ ਸਭ
ਤੇਤੀ ਉਵੇ ਪੰਥ ਕੋ ਬਧਾਏ ਗੁਰਨੇ ਘਨੇ।
ਜਨੇ ਅਬ ਧਰਮ ਨੇ ਹੇਤ ਸਿਰ ਦੇਤੇ ਕੂਕੇ
ਧਰਤੀ ਜ਼ਜੀਰਨ ਮੇਂ ਗਏ ਸਿਮ ਹੈਂ ਕਨੇ।
ਸੰਮਤ ਉਨੀਸ ਬੀਸ ਤੀਨ ਕੇ ਦਾਯਜ ਅਤਿ
ਠੌਰ ਠੌਰ ਦੇਨ ਥਪ ਹੋਨ ਲਾਗੇ ਥੇ ਘਨੇ।
ਦੇਖ ਦੇਖ ਹਿੰਦੂ ਸਭ ਰੋਹਿ ਦੁਖਿਆਰੇ ਮਾਰੇ
ਚਾਰਾ ਜ਼ੋਰ ਸਰਕਾਰ ਸੰਗ ਕੋਊ ਨ ਬਨੇ।੨੪

ਹਿੰਮਤ ਬਜਾਰ ਬਾਂਧ ਨਾਮਧਾਰੀ ਸਿੰਘੋਂ ਤਬ
ਬੁਚੜ ਬਿਚਾਰੇ ਹਤਿਆਰੇ ਸਹੁ ਠੌਰ ਪੈ।
ਸੁਧਾ ਸਰ ਆਦਿ ਔਰ ਠੌਰ ਹਿੰਦ ਨਾਮੀ ਗਰਾਮੀ
ਅੰਗਰੇਜ਼ੋਂ ਗਹਿ ਕੈ ਦੁਖਿਆਰੇ ਕੀਨੇ ਰੋਰ ਪੈ।
ਫੇਰ ਲਾਰੇ ਫਾਂਸੀ ਜਬ ਆਇ ਖੁਦ ਕੂਕੇ ਤਬ,
ਕਾਤਲ ਸਪੂਤ ਆਪ ਪੀਏ ਸਭ ਤੋਰ ਪੈ।
ਖੁਸ਼ੀ ਹੋਏ ਚਹੇ ਸੀਸ ਗਏ ਬੀਜ ਲੋਕ ਮਾਹਿ,
ਚੱਟਲੇ ਮਲੇਰ ਫੇਰ ਧਯੋ ਸਾਕਾ ਔਰ ਪੈ।੨੫

ਕੂਕੇ ਸਿੰਘ ਸਾਕ ਕੋ ਜੋ ਨਾਸ ਕੇ ਮਤਨ ਲਿਸ,
ਮਾਰਕੇ ਕਸਾਈਆਂ ਕੋ ਗਾਈਆਂ ਛੁਡਾਈਆਂ।
ਕੋਟਲੇ ਕੀ ਤੁਰਕਾਨੀ ਔ ਪਠਾਨੀ ਫੌਜ ਸਭ,
ਸਿੰਘਨ ਸੋ ਲਰੀ ਦਿਨੈ ਮਾਰ ਕੈ ਹਟਾਈਆਂ।
ਫੇਰ ਪਟਿਆਲੇ ਨੇ ਬਸਾਲੇ ਮਾਹਿ ਦਸੋਂ ਸੰਗ
ਕਸਮੇ ਉਠਾਇ ਲਿਆਏ ਦੀਏ ਪਕੜਾਈਆਂ।
ਉਤ ਸਿਖੁ ਤੋਪੋਂ ਆਗੇ ਅਨੁਰਾਗੇ ਸਬਦੋਂ ਮੇਂ
ਖੁਸ਼ੀ ਹੋਈ ਜਰਵਾਹੇ ਧਰਮ ਨਿਭਾਈਆਂ।੨੬

ਸਰਦਾਰ ਰਾਜੇ ਤੈ ਮੁਸਾਹਿਬ ਸਾਹਿਬ ਬਡੇ,
ਅਕਹਰ ਦੀਏ ਹੋਰ ਕਾਬ ਤਿੰਨ ਕੋਰ ਪੈ।
ਦੇਸ ਹੀਨ ਕੇਸ ਸਮੇਂ ਰਾਮ ਸਿੰਘ ਕੋ ਰਗੂਨ
ਭੇਜ ਦੀਏ ਅੰਗਰੇਜ਼ੀ ਖੂਬ ਜੋਬ ਫੇਰ ਪੈ।
ਔਰ ਦੂਤੇ ਸੂਬੇ ਜੇਤੀ ਕਹੂੰ ਕਹੂੰ ਭੇਜੇ ਤੇਈ,
ਸੌਹ ਤੋਰ ਦੀਏ ਏਤ ਪੰਥ ਕੋ ਛਪੇਰ ਪੈ।
ਰਾਮ ਸਿੰਘ ਜੂ ਕੀ ਠੌਰ ਬੁਧ ਸਿੰਘ ਭਾਈ ਤਾਹਿ।
ਅਬ ਹੈ ਪ੍ਰਤੋਤ ਕੌਤ ਕੂਕਿਉ ਕਾ ਹੋਰ ਪੈ।੨੭

ਨੱਟਤ ਭਵਾਨੀ ਕੀ ਉਪਾਸਨਾ ਪਜਤ ਬਾਣੀ
ਵਾਹਿਗੁਰੂ ਵਾਹਿਗੁਰੂ ਰਟਤ ਅਮੁਕੇ ਹੈਂ।
ਸੁਕਲ ਬਸਨ ਮਾਲਾ ਸੁਧੀ ਦਸਤਾਰ ਦਾਰੀ
ਕਰ ਹੈ ਹਵਨ ਪਾਠ ਗ੍ਰੰਥ ਗੁਰੂ ਜੂ ਕੇ ਹੈਂ।
ਦਸਮੇਂ ਗੁਰੂ ਕੇ ਸਿਸ ਸਾਦਕ ਸਹੀ ਹੈ ਸਭ
ਲਖਨਾ ਬਿਸਾਲ ਰਾਜ ਸੰਗੇ ਨੀ ਆਖੁਕੇ ਹੈਂ।
ਹੋਰੇ ਜੈਸੇ ਲਪਟ ਹੈ ਫੇਰੇ ਤੈਸੇ ਗਿਆਨ ਸਿੰਘ
ਐਤੇ ਪਰਗਿਧ ਹੀ ਅੱਧਧ ਨਿਖ ਕੂਕੇ ਹੈਂ।੨੮
(ਚੱਲਦਾ)

ਸਿੰਘ ਕੂਕਿਉਂ ਕੀ ਕਥਾ ਕਹੀ ਤਬਾਰਖ ਸਾਰ।
੮੮੧ ਪੰਨਾ, ਪੰਥ ਪਰਕਾਸ਼



Sri Satguru Jagjit Singh Ji eLibrary NamdhariElibrary@gmail.com

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਵਰਿਆਮ ਦਾ
ਜਨਵਰੀ ੧੯੮੭ ਅੰਕ ਵੇਖੋ)

## ੨ ਅਕਤੂਬਰ ੧੯੭੯ ਸੋਮਵਾਰ
## ਨਵੀਂ ਦਿੱਲੀ

**ੀ.. ਜੀ. ਰੋੜਾ**

ਮੇਰੇ ਪਾਸ 'ਵਰਿਆਮ' ਸੰਪਾਦਕ ਸ: ਜਗਦੀਸ਼ ਸਿੰਘ ਆ ਅਤੇ ਨਾਲ ਲੈਕੇ ਸ: ਹੰਸਪਾਲ ਵਲ ਹੋ ਤੁਰਿਆ। ਅੱਗੋਂ ਚੰਡੀਗੜ੍ਹ ਜਾਣ ਨੂੰ ਤਿਆਰ ਸੀ, ਨਾਲ ਜਿਨ ਹਿੰਦੂ ਲਮੈਂਟ ਨੂੰ ਲੈ ਗਏ। ਆਈ.ਜੀ. ਸ੍ਰੀ ਰੋੜਾ ਨੂੰ ਮਿਲਕੇ ਗੁਰੂ ਜੀ ਨੂੰ ਖੂਨ ਕੇਸ ਵਿਚ ਘਸੀਟਣ ਦੀ ਹੋ ਰਹੀ ਕੀ ਕੋਸ਼ਿਸ਼ ਵਲੋਂ ਸੁਚੇਤ ਕਰਨਾ ਹੈ।

ਹੰਸਪਾਲ ਨੇ ਦੱਸਿਆ ਕਿ ਕੱਲ ਸ਼ਾਮੀ ਉਸ ਪਾਸ ਕਾਂਗਰਸ (ਜ. ਸ.) ਦੇ ਪ੍ਰਧਾਨ ਸ: ਮਹਿੰਦਰ ਸਿੰਘ ਏ ਗਏ ਹਨ। ਸ: ਸਾਧੂ ਸਿੰਘ ਹਮਦਰਦ ਨੂੰ ਕਿਹਾ ਹੈ ਕਿ ਉਹ ਨਾਮਧਾਰੀਆਂ ਬਾਰੇ ਕੋਈ ਨਾ ਛਾਪਣ।

## ੩ ਅਕਤੂਬਰ ੧੯੭੯ ਮੰਗਲਵਾਰ
## ਨਵੀਂ ਦਿੱਲੀ

**ਦ ਮਿਲਾਪਾ**

ਮੈਂ ਅਤੇ ਜਗਦੀਸ਼ ਸਿੰਘ "ਵਰਿਆਮ" ਅੰਕ ਵੀ ਤੇ ਦਿੱਲੀ ਭਰਮਣ ਨਿਕਲੇ। ਗਾਂਧੀ ਨਗਰ ਵਿਚ ਗੁਰਦੇਵ ਆਰਕੀਟੈਕਟ ਸਿੰਘ ਨੂੰ ਮਿਲੇ। ਗੁਰਦੇਵ ਸਿੰਘ ਨੇ ਦਸਿਆ ਕਾਰਾਗ ਵਿਚ ਉਹਦਾ ਸਰੋਦਵਾਦਨ ਬਹੁਤ ਪ੍ਰਭਾਵਸ਼ਾਲੀ ਹੈ। ਉਸ ਨਾਲ ਤਬਲਾ ਵਾਦਕ ਪੰ: ਕਿਸ਼ਨ ਮਹਾਰਾਜ ਦਾ ਜਮਾਈ ਦਾ ਲੜਕਾ ਪੂਰਨ ਮਹਾਰਾਜ ਸੀ। ਤਾੜੀਆਂ ਵਾਰ ਵਾਲੀਆਂ ਵਿਚੀਆਂ ਅਤੇ ਉਨ੍ਹਾਂ ਨੇ ਸਵਾ ਘੰਟਾ ਬੰਨ੍ਹੀ ਰਖਿਆ। ਨਵੋਦਿਤ ਕਲਾਕਾਰਾਂ ਦਾ ਇਹ ਜੋੜ ਸ ਵਿਚ ਨਾਮਣਾ ਖੱਟ ਸਕਿਆ। ਏਥੇ ਪੰ: ਕਿਸ਼ਨ ਰਾਜ ਤੋਂ ਸਿਖਦੇ ਹੋਰ ਨਾਮਧਾਰੀ ਬੱਚਿਆਂ ਦੀ ਮਾਣ



ਸਤਿਗੁਰੂ ਜਗਜੀਤ ਸਿੰਘ ਜੀ

ਮਸ਼ਹੂਰ ਕੀਤਾ। ਨਾਮਧਾਰੀ ਪਹਿਰਾਵੇ ਵਾਲੇ ਵਾਦਕ ਨੇ ਬਨਾਰਸ ਵਿਚ ਉਹਨਾਂ ਨੂੰ ਵੀ ਸੋਭਾ ਲੈ ਦਿਤੀ ਹੈ।

**ਆਮਦ ਦੀ ਸੂਚਨਾ**

ਗੁਰਦੇਵ ਸਿੰਘ ਸਰੋਦ ਨੇ ਦੱਸਿਆ ਕਿ ਉਸਤਾਦ ਅਮਜਦ ਅਲੀ ਦੀ ਪਤਨੀ ਬੀਬੀ ਸੁਭ ਲਕਸ਼ਮੀ ਵਲੋਂ ਪਤਾ ਲਗਾ ਹੈ ਕਿ ਸੱਚੇ ਪਾਤਸ਼ਾਹ ਕਲ੍ਹ ਸਵੇਰ ਦੀ ਫਲਾਈਟ ਦਿੱਲੀ ਪਧਾਰ ਰਹੇ ਹਨ। ਦੁਪਹਿਰ ਦਾ ਲੰਗਰ ਦਿੱਲੀ ਹੀ ਹੋਵੇਗਾ। ਸਤਿਗੁਰੂ ਜੀ ਅੱਜ ਸਵੇਰੇ ਹੀ ਬੰਬਈ ਪਹੁੰਚ ਸਨ। ਖਾਂ ਸਾਹਿਬ ਨੇ ਉਨ੍ਹਾਂ ਨਾਲ ਸੰਪਰਕ ਕਰਕੇ ਪ੍ਰਾਰਥਨਾ ਕੀਤੀ ਹੈ ਕਿ ਹਜ਼ੂਰ ਬੰਬਈ ਆਉਣ ਤਾਂ ਉਨ੍ਹਾਂ ਦੀ ਨਵੀਂ ਕਾਰ ਵਿਚ



Sri Satguru Jagjit Singh Ji eLibrary NamdhariElibrary@gmail.com

ਪ੍ਰਥਮ ਪਰਵੇਸ਼ ਸ੍ਰੀ ਜੀ ਦੇ ਚਰਨਾਂ ਦਾ ਹੀ ਹੋਵੇ ।

## ਬ੍ਰੈਜ਼ਨੇਵ ਦੀ ਪੁਸਤਕ ਦਾ ਵਿਮੋਚਨ

"ਵਰਿਆਮ" ਅਤੇ ਮੈਂ ਬਾਅਦ ਦੁਪਹਿਰ ਫ਼ੀਮਜ਼ਫ਼ੋਰਡ ਕਲਬ ਪਹੁੰਚੇ । ਏਥੇ ਨਵਯੁਗ ਪ੍ਰੈਸ ਦੇ ਮਾਲਿਕ ਸ: ਪ੍ਰੀਤਮ ਸਿੰਘ ਨੇ ਸੋਵੀਅਤ ਰੂਸ ਦੇ ਪ੍ਰੈਜ਼ੀਡੈਂਟ ਲਿਓਨਿਦ ਬ੍ਰੈਜ਼ਨੇਵ ਦੀ ਸ੍ਵੈ-ਜੀਵਨੀ ਕੇਂਦਰੀ ਖੇਤੀਬਾੜੀ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਪਾਸੋਂ ਰੀਲੀਜ਼ ਕਰਵਾਣੀ ਸੀ ।

ਦਰਜਨਾਂ ਲੇਖਕ ਅਤੇ ਪਾਠਕ ਪਧਾਰੇ । 'ਸੋਵੀਅਤ ਦੇਸ਼' ਦਾ ਸੰਪਾਦਕ ਸ੍ਰੀ ਜੀ.ਦੇ. ਮਿਰਿਮਿਨ ਵੀ ਕੁਛ ਰੂਸੀ ਮਿੱਤਰਾਂ ਨਾਲ ਉਪਸਥਿਤ ਹੋਇਆ । ਸਾਡੇ ਕੁਛ ਨਵੇਂ ਸੱਜਣ ਜਾਣੂ ਹੋਏ (ਖਿਹਰਿਆਂ ਤੋਂ) । ਜਸਟਿਸ ਮਹਿੰਦਰ ਸਿੰਘ ਜੋਸ਼ੀ ਡਾ: ਮਹੀਪ ਸਿੰਘ, ਸ੍ਰੀ ਵਣਜਾਰਾ ਬੇਦੀ, ਚੰਦਨ ਨੇਗੀ, ਇੰਦਰਪਾਲ ਦੀਪ, ਗਿਆਨੀ ਹਰੀ ਸਿੰਘ, ਗਿਆਨੀ ਕੁਲਦੀਪ ਸਿੰਘ ਆਦਿ । ਕੁਝ ਪੁਰਾਣੇ ਮਿੱਤਰ ਮਿਲੇ : ਡਾ: ਜਗਜੀਤ ਸਿੰਘ ਆਨੰਦ, ਸ: ਗੁਰਬਚਨ ਸਿੰਘ ਭੁੱਲਰ, ਕਾਮਰੇਡ ਪ੍ਰੇਮ ਸਿੰਘ, ਸ: ਬੂਟਾ ਸਿੰਘ ਕਹਾਣੀਕਾਰ, ਸ: ਪਿਆਰਾ ਸਿੰਘ ਦਾਤਾ, ਸ: ਪਿਆਰਾ ਸਿੰਘ ਸਹਿਰਾਈ ਆਦਿ ।

"ਦਾਤਾ" ਨੇ ਜਗਦੀਸ਼ ਸਿੰਘ ਦੇ "ਵਰਿਆਮ" ਦੇ ਸਤਿਗੁਰੂ ਜਗਜੀਤ ਸਿੰਘ ਅੰਕ ਦੀ ਸਲਾਘਾ ਕੀਤੀ । ਉਸਦਾ ਕਹਿਣਾ ਸੀ ਕਿ ਇਹ ਅੰਕ ਖੂਬਸੂਰਤ, ਪ੍ਰੇਰਣਾਦਾਇਕ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਤਿਹਾਸਕ ਨਿਧੀ ਹੋਵੇਗਾ ।

ਇਸ ਇਕੱਠ ਵਿਚ ਜੁ ਪੰਜਾਬੀ ਲੇਖਕ ਸਭਾ ਦਿੱਲੀ ਵਲੋਂ ਆਯੋਜਿਤ ਕੀਤਾ ਗਿਆ ਸੀ, ਨਵਯੁਗ ਪ੍ਰੈਸ ਵਲੋਂ ਛਾਪੀ ਗਈ ਪੁਸਤਕ "ਲਘੂ ਭੂਮੀ—ਪੁਨਰ ਜਨਮ" ਸ: ਬਰਨਾਲਾ ਵਲੋਂ ਰੀਲੀਜ਼ ਕੀਤੀ ਗਈ । ਇਸਦੀ ਉਰਦੂ ਛਾਪ ਤਰੱਕੀਏ ਉਰਦੂ ਅੰਜਮਨ ਦੇ ਸਕੱਤਰ ਦੁਆਰਾ ਵਿਮੋਚਨ ਕੀਤੀ ਗਈ ।

## ਤਰਦੀਦ

ਰਾਤ ਨੂੰ ਘਰ ਆਇਆਂ, ਅਖਬਾਰ ਵੇਖੇ ਤਾਂ ਜਲੰਧਰ ਦੇ ਰੋਜ਼ਾਨਾ ਅਖਬਾਰ "ਨਵਾਂ ਜ਼ਮਾਨਾ" ਦੇ ੩੦-੯-੭੮ ਦੇ ਅੰਕ ਵਿਚ "ਨਾਮਧਾਰੀ ਪਰਚਾਰਕ ਵਲੋਂ ਖਬਰਾਂ ਤੋੜਨ ਦੀ ਨਿੰਦਾ ਦੀ ਸੁਰਖੀ ਹੇਠ ਇਕ ਸਿੰਗਲ ਕਾਲਮੀ ਖਬਰ ਪੜ੍ਹੀ ਜਿਸ ਵਿਚ ਜਲੰਧਰ ਅੰਦਰ ਸ: ਪਾਲ ਦੇ ਪਿਤਾ ਨਮਿਤ ਪਏ ਭੋਗ ਸਮੇਂ, ਆਪਣੇ ਦੀਵਾਨ ਵਿਚ ਪੰ: ਗੋਪਾਲ ਸਿੰਘ ਵਲੋਂ ਉਨ੍ਹਾਂ ਅਖਬਾਰਾਂ ਨੂੰ ਨਿੰਦਿਆ ਤੇ ਹੱਥ ਜੋੜ ਕੇ ਅਗੋਂ ਤੋਂ ਖਬਰਾਂ ਨੂੰ ਤੋੜ ਮਰੋੜ ਕੇ ਨਾ ਛਾਪਣ ਦੀ ਬੇਨਤੀ ਕੀਤੀ ਗਈ ਸੀ ਜਿਨ੍ਹਾਂ ਨੇ ੧੫ ਸਤੰਬਰ ਨੂੰ ਅੰਮ੍ਰਿਤਸਰ ਵਿਚ ਆਖੇ ਉਨ੍ਹਾਂ ਦੇ ਸ਼ਬਦਾਂ ਨੂੰ ਗਲਤ ਰੰਗ ਦੇ ਕੇ ਪੇਸ਼ ਕੀਤਾ ਗਿਆ ਸੀ ।

### ੪ ਅਕਤੂਬਰ ੧੯੭੮, ਬੁਧਵਾਰ
### ਨਵੀਂ ਦਿੱਲੀ

## ਨਹੀਂ ਆਏ

ਜਦੋਂ ਮੈਂ ਸ: ਹੰਸਪਾਲ ਨਾਲ ੧/੬ ਬੀ ਪੂਸਾ ਰੋਡ ਪੁੱਜਾ ਤਾਂ ਪਤਾ ਲਗਾ ਕਿ ਸਤਿਗੁਰੂ ਜੀ ਅੱਜ ਸਵੇਰੇ ਨਹੀਂ ਆ ਰਹੇ । ਪ੍ਰੋਗਰਾਮ ਥੋੜੀ ਰਾਤ ਹੀ ਬਦਲਿਆ ਹੈ । ਹੁਣ ਸ਼ਾਮ ਨੂੰ ਏਅਰ ਬੱਸ ਤੇ ਬੰਬਈਓਂ ਆਉਣਗੇ । ਬੰਬਈ ਨੂੰ ਫੋਨ ਕਰਕੇ ਮੁੜ ਤਸਦੀਕ ਕੀਤੀ ਗਈ । ਸੇਠ ਸ਼ੇਰ ਸਿੰਘ ਬਾਵਲਾ ਪੂਰਵਾ ਨਾਲ ਫੋਨ ਤੇ ਗੱਲ ਕਰ ਰਿਹਾ ਸੀ । ਸੰਤ ਮਹਿੰਦਰ ਸਿੰਘ ਪੂਰਬਾ ਨੇ ਸ਼ੇਰ ਸਿੰਘ ਨੂੰ ਦੱਸਿਆ : ਸੱਚੇ ਪਾਤਸ਼ਾਹ ਜੀ ਨੂੰ ਬੀਬੀ ਜੀ ਨੂੰ ਥਾਈਲੈਂਡ ਨਾਲ ਲੈ ਜਾਣ ਬਾਰੇ ਅਰਜ਼ ਕੀਤੀ ਸੀ, ਤਾਂਕਿ ਡਾ: ਸੁਚਾਟ ਦੇ ਸੰਸਾਰ ਸ਼ਾਂਤੀ ਸਮੇਲਨ ਸਮੇਂ, ਜਿਸਦਾ ਉਦਘਾਟਨ ਹੀ ਸ੍ਰੀ ਸਤਿਗੁਰੂ ਜੀ ਨੇ ਕਰਨਾ ਹੈ, ਬੀਬੀ ਹੁਰੀਂ ਸਭ ਕੁਝ ਅਖੀਂ ਵੇਖ ਲੈਣ । ਸਤਿਗੁਰਾਂ ਇਸ ਬਾਰੇ ਥਾਈਲੈਂਡ ਵਾਲਿਆਂ ਨਾਲ ਗੱਲ ਕੀਤੀ ਹੈ ।

## ਮਿ: ਰੋਸ਼ਾ

ਸ: ਹੰਸਪਾਲ ਨੇ ਦੱਸਿਆ ਕਿ ਉਹ ਕੱਲ ਸ੍ਰੀ ਐਸ. ਐਨ. ਬੁਧਵਾਰ ਨੂੰ ਨਾਲ ਲੈਕੇ ਆਈ.ਜੀ. ਹਰਿਆਣਾ ਦੇ ਮਿ: ਰੋਸ਼ਾ ਨੂੰ ਮਿਲਿਆ । ਮਿ: ਰੋਸ਼ਾ ਉਹਨਾਂ ਦੀ ਆਸ ਤੋਂ ਵੱਧ ਫ਼ਰਾਖ਼ ਦਿਲ ਨਿਕਲਿਆ । ਗੱਲਬਾਤ ਸਮੇਂ ਮਹਾਰਾਜ ਬੀਰ ਸਿੰਘ ਜੀ ਅਤੇ ਠਾਕਰ ਦਲੀਪ ਸਿੰਘ ਜੀ ਵੀ ਸ਼ਾਮਲ ਸਨ । ਉਸਨੇ ਭਰੋਸਾ ਦੁਆਇਆ ਹੈ ਕਿ ਸਰਸਾ ਇਲਾਕੇ ਵਿਚ ਕੋਈ ਜ਼ਿਆਦਤੀ ਇਨ੍ਹਾਂ ਨਾਲ ਨਹੀਂ ਕੀਤੀ ਜਾਵੇਗੀ । ਡੀ. ਆਈ.ਜੀ. ਅਤੇ ਐਸ.ਪੀ. ਆਦਿ ਅਧਿਕਾਰੀਆਂ ਨੂੰ ਸਮਝਾ ਦਿਤਾ ਜਾਵੇਗਾ । ਮਿ: ਰੋਸ਼ਾ ਨੇ ਜੀਵਨ ਨਗਰ ਇਲਾਕੇ ਵਿਚ ਦਸੰਬਰ ਦੇ ਮਹੀਨੇ ਟੂਰ ਰਖਣ ਦੀ ਗੱਲ ਵੀ ਕੀਤੀ ਤਾਂਕਿ ਸਾਰੇ ਹਾਲਾਤ ਨੂੰ ਆਪ ਘੋਖ-ਵੇਖ ਸਕੇ ।

## ਖਸਤਾ ਖੇ

ਸ: ਹਰਵਿੰਦਰ ਸਿੰਘ ਹੰਸਪਾਲ ਨੇ ਮਿ: ਰੋਸ਼ਾ ਨੂੰ ਵਜ਼ਾਹਤ ਕੀਤੀ : ਮਹਾਰਾਜ ਬੀਰ ਸਿੰਘ ਜੀ ਨੂੰ ਸਰਸੇ ਵਿਚ ਨਾਮਧਾਰੀ ਵਿਰੋਧੀਆਂ ਚੌਧਰੀ ਦੇਵੀ ਲਾਲ ਦੀ ਮਨਿਸਟਰੀ ਦਾ ਲਾਭ ਉਠਾਂਦਿਆਂ ਖਸਤਾ ਖੇ, ਅਰਥਾਤ, ਦਸ ਨੰਬਰੀਆਂ



Sri Satguru Jagjit Singh Ji eLibrary NamdhariElibrary@gmail.com

ਜਿਤ ਰਖਿਆ ਹੋਇਆ ਹੈ। ਹਰ ਗੱਲ ਮਹਾਰਾਜ ਜੀ ਦੁਆਰਾ ਕਰਵਾਈ ਜਾਣਾ ਜਿਸੇ ਲਾਕੇ ਅਤੇ ਪੁਲੀਟੀਕਲ ਦਬਾਅ ਪਾਕੇ ਮਹਾਰਾਜ ਜੀ ਨੂੰ ਪੱਕਾ ਮੁਜਰਮ ਕਰਾਰ ਦਿਤਾ ਗਿਆ ਹੈ।

ਸੇਠ ਤ੍ਰਿਲੋਕ ਸਿੰਘ ਖਾਲਸਾ ਨੂੰ ਗਲੇ ਅਤੇ ਮੂੰਹ ਵਿਚ ਫੋੜੇ ਵਾਲੇ ਹੋਏ ਪਏ ਹਨ ਕਿ ਖਾਣੀ ਬਾਵਲੀ ਦੇ ਕਿਸੇ ਡਾਕਟਰ ਨੂੰ ਵਖਾਲੇ ਲਿਆਏ ਹਨ। ਬੁਖਾਰ ਤੋਂ ਛੁੱਟੀ ਹੋ ਗਈ ਹੈ।

## ਵਰਿਆਮ ਦੀ ਪ੍ਰਸੰਸਾ

ਜਦੋਂ ੧੨-੩੫ ਦੁਪਹਿਰ ਨਵੀਂ ਦਿੱਲੀ ਰੇਲਵੇ ਸਟੇਸ਼ਨ, ਫਲਾਇੰਗ ਮੇਲ ਤੇ ਸ: ਜਗਦੀਪ ਸਿੰਘ ਵਰਿਆਮ ਸਵਾਰ ਹੋਇਆ ਤਾਂ ਕਾਮਰੇਡ ਜਗਜੀਤ ਸਿੰਘ ਆਨੰਦ ਨੇ "ਨਵਾਂ ਜ਼ਮਾਨਾ" ਲਈ ਕੁਝ ਮਜ਼ਮੂਨ ਲਿਆ ਕੇ ਫੜਾਏ। ਜਗਦੀਪ ਸਿੰਘ ਨੇ ਉਸਨੂੰ ਅਗਲੇ ਵਰਿਆਮ ਦੇ ਸਪੈਸ਼ਲ ਅੰਕ ਲਈ ਲੇਖ ਲਿਖਣ ਵਾਸਤੇ ਆਖਿਆ ਤਾਂ ਕਾ: ਆਨੰਦ ਨੇ ਕਿਹਾ: ਪਹਿਲਾ (ਸਤਿਗੁਰੂ ਜਗਜੀਤ ਸਿੰਘ) ਅੰਕ ਕਿਤੇ ਘੱਟ ਸਪੈਸ਼ਲ ਸੀ! ਉਹ ਅੰਕ ਤਾਂ ਇਕ ਯਾਦਗਾਰੀ ਵਸਤੂ ਹੈ।

## ਸੁਆਗਤ!

ਸ਼ਾਮੀ ੭ ਵਜੇ ਤਕ ਮੈਨੂੰ, ਹਰਵਿੰਦਰ ਸਿੰਘ ਨੇ ਅਪਣੇ ਘਰ ਆਉਣ ਲਈ ਆਖਿਆ ਤਾਕਿ ਅਸੀਂ ਇਕਠੇ ਹੀ ਸਤਿਗੁਰੂ ਸੁਆਗਤ ਲਈ ਜਾ ਸਕੀਏ। ਏਨੇ ਚਿਰ ਸਤਿਗੁਰਾਂ ਦਾ ਸਾਬਕਾ ਸਕੱਤਰ ਗੁਰਭਜਨ ਸਿੰਘ ਵੀ ਆ ਗਿਆ। ਉਸ ਮੇਰਾ ਪਾਸਪੋਰਟ ਮੈਨੂੰ ਥਾਈਲੈਂਡ ਭੇਜਣ ਲਈ ਚਾਹਿਆ।

ਹਵਾਈ ਅੱਡੇ ਪਾਲਮ ਤੇ ਪਹੁੰਚਿਆਂ ਸਾਨੂੰ ਸੇਠ ਤ੍ਰਿਲੋਕ ਸਿੰਘ, ਸ੍ਰੀ ਪ੍ਰੇਮ ਸਿੰਘ ਰਾਜੌਰੀ ਗਾਰਡਨ ਸਮੇਤ ਪਤਨੀ, ਸੰਤ ਭੁਪਿੰਦਰ ਸਿੰਘ ਭੁਰਜੀ, ਸ: ਸੁਰਿੰਦਰ ਸਿੰਘ ਲੁਧਿਆਣਾ, ਸੰਤ ਬਲਦੇਵ ਸਿੰਘ ਹਜ਼ੂਰੀ ਸੇਵਕ, ਸ. ਸ਼ੇਰ ਸਿੰਘ ਚਾਵਲਾ, ਸ: ਗੁਰਦੀਪ ਸਿੰਘ ਸਿੱਧੂ (ਸਟੱਡ ਫਾਰਮ ਬੰਗਲੌਰ) ਆਦਿ ਸੁਆਗਤ ਲਈ ਆਏ ਨਜ਼ਰ ਪਏ।

ਸ਼ਾਮੀਂ ੮.੧੦ ਤੇ ੨੦੫ ਸਵਾਰੀਆਂ ਵਾਲੇ ਏਅਰ ਬੱਸ ਤੋਂ ਸ੍ਰੀ ਸਤਿਗੁਰੂ ਜੀ, ਸੰਤ ਪੂਰਨਾ ਅਤੇ ਸ: ਮਨਜੀਤਾ ਉਤਰੇ। ਸੁਆਗਤੀ ਕਮਰੇ ਵਿਚ ਚਰਨ ਪਾਉਂਦਿਆਂ ਹੀ ਸਾਰੇ ਸਿੰਘਾਂ ਨੇ ਚਰਨ ਛੁਹ-ਛੁਹ ਪ੍ਰਣਾਮ ਕੀਤੀ। ਸ੍ਰੀ ਸਤਿਗੁਰੂ ਜੀ ਕਿਸੇ ਦਾ ਪਿਆਰ ਨਾਲ ਹੱਥ ਮਰੋੜ, ਕਿਸੇ ਦੀ ਪਿੱਠ ਥਪਕ, ਕਿਸੇ ਨੂੰ ਨੈਣਾਂ ਨਾਲ ਨਿਹਾਲ ਕਰ ਹਰ ਕਿਸੇ ਨੂੰ ਨਿਵਾਜਿਆ ਤੇ ਹਾਲ ਚਾਲ ਪੁਛਿਆ।

ਸ: ਗੁਰਦੀਪ ਸਿੰਘ ਸਿੱਧੂ ਨੇ ਪਾਲਮ ਏਅਰ ਪੋਰਟ ਤੇ ਹੀ ਨੇਪਾਲ ਦੀ ਮਹਾਰਾਣੀ ਦੀ ਸੱਸ ਨੂੰ ਮਿਲਾਇਆ। ਬਾਬਕੱਟ, ਕਲਫ਼ ਲੱਗੇ ਵਾਲ, ਪਤਲੇ ਅੰਗਾਂ ਦਾ ਸਰੀਰ ਤੇ ਗੁਆਚੀ ਗੁਆਚੀ। ਹੱਥ ਜੋੜ ਉਸ ਅਦਬ ਨਾਲ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ।

ਹਵਾਈ ਅੱਡੇ ਤੇ ਕਾਫ਼ੀ ਰੌਣਕਾਂ ਸਨ। ਸਤਿਗੁਰੂ ਜੀ ਨੇ ਪ੍ਰੇਮ ਸਿੰਘ ਨੂੰ ਕਿਹਾ ਕਿ ਉਹ ਅਪਣਾ ਇੰਟਰਨੈਸ਼ਨਲ ਪਾਸਪੋਰਟ ਬਣਵਾਏ। ਪ੍ਰੇਮ ਸਿੰਘ ਨੇ ਸਤਿਗੁਰੂ ਜੀ ਨੂੰ ਸੂਚਨਾ ਦਿਤੀ ਕਿ ਬੇਬੇ ਜੀ ਲਾਹੌਰ ਵਾਲਿਆਂ (ਸੁਪਤਨੀ ਮਹਾਰਾਜ ਨਿਹਾਲ ਸਿੰਘ) ਨੂੰ ਅੱਜ ਸੱਟ ਲਗ ਗਈ ਹੈ, ਹਸਪਤਾਲ ਵਿਚ ਹਨ। ਸਤਿਗੁਰੂ ਜੀ ਨੇ ਇੱਛਾ ਦੱਸੀ ਕਿ ਜੇ ਹਸਪਤਾਲ ਦਾ ਪਤਾ ਹੋਵੇ ਤਾਂ ਏਥੋਂ ਸਿੱਧਾ ਉਥੇ ਹੀ ਜਾਇਆ ਜਾਏ। ਸ੍ਰੀ ਭੁਰਜੀ ਨੇ ਫੋਨ ਘੁਮਾਏ ਪਰ ਗੱਲ ਨਾ ਬਣੀ।

ਸਤਿਗੁਰੂ ਤੇਜ਼ ਕਦਮੀਂ ਚਲਦੇ ਸਭ ਨੂੰ ਪਿੱਛੇ ਛੱਡਦੇ ਅੱਗੇ ਵਧ ਗਏ। ਨਿਕਾਸ-ਦੁਆਰ ਪਾਸ ਜਾ ਖਲੋਤੇ। ਮੈਂ ਭੀ ਦੌੜਿਆ ਦੌੜਿਆ ਉਹਨਾਂ ਨਾਲ ਰਲਿਆ। ਮੈਂ ਪੁਛਿਆ: ਆਪ ਨੇ ਅੱਜ ਸਵੇਰੇ ਆਉਣਾ ਸੀ? ਮੁਬਾਰਕ ਮੁਖ ਖੁਲ੍ਹਿਆ: ਖਾਂ ਸਾਹਿਬ ਆਮਿਰ ਅਲੀ ਦੀ ਕਾਰ ਦਾ ਮਾਮਲਾ ਸੀ। ਉਹ ਚਾਹੁੰਦੇ ਸਨ ਸਵਾਰੀ ਦੀ ਪਹਿਲ ਮੈਂ ਹੀ ਕਰਾਂ। ਸੋ "ਇੰਦਰਾ ਡਾਕ ਯਾਰਡ" ਵਿਚ ਖਲੋਤੀ ਕਾਰ ਵਿਚ ਬੈਠਕੇ ਖਾਂ ਸਾਹਿਬ ਦੀ ਇੱਛਾ ਪੂਰਨ ਕੀਤੀ।

ਸ: ਗੁਰਦੀਪ ਸਿੰਘ ਸਿੱਧੂ ਏਥੇ ਮਹਾਰਾਜਾ ਗਵਾਲੀਅਰ ਨੂੰ ਵੇਖ ਬੈਠਾ ਸੀ। ਹੁਣ ਉਹਦੀ ਭਾਲ ਵਿਚ ਸੀ ਤਾਕਿ ਸਤਿਗੁਰੂ ਜੀ ਨੂੰ ਮਿਲਾ ਸਕੇ। ਸ੍ਰੀ ਸਤਿਗੁਰੂ ਜੀ ਨੇ ਦੱਸਿਆ ਕਿ ਅੱਜ ਬੰਬਈ ਵਿਚ ਆਪ ਜੀ ਇਕ ਸਿੰਧੀ, ਸ਼ਾਮ ਜੀ ਭਾਈ, ਨੂੰ ਦਰਸ਼ਨ ਦੇਣ ਗਏ। ਉਨਵੇ ਘਰ ਵਾਲੀ ਬਿਲਡਿੰਗ 'ਲੀਵਿੰਗ ਹਾਲ' ਦੀ ੧੯ਵੀਂ ਛੱਤੇ ਮਹਾਰਾਜ ਗਵਾਲੀਅਰ ਦੀ ਰਿਹਾਇਸ਼ ਹੈ। ਮਿਲ ਪੈਂਦੇ ਤਾਂ ਗੱਲ ਕਰਨ ਦੇ ਸਬੱਬ ਬਣਾਏ ਸਨ।...ਸ: ਸਿੱਧੂ ਨੂੰ ਭੀੜ ਵਿਚ ਗਵਾਚਾ ਮਹਾਰਾਜਾ ਨਾ ਹੀ ਮਿਲ ਸਕਿਆ।

## ਰਾਜ ਕੁਮਾਰ ਮਲਹੋਤਰਾ

ਪੋਰਟ ਦੇ ਹਾਲ ਵਿਚ ਹੀ ਇਕ ਸਜਣ ਉੱਚੇ ਕੱਦ, ਕਲਫ਼ ਲਗੀਆਂ ਮੁੱਛਾਂ, ਜੁਆਨ ਜਾਪਦਾ ਸਰੀਰ, ਹੱਥ ਜੋੜੀ, ਸਤਿਗੁਰੂ ਜੀ ਦੀ ਨਜ਼ਰਿ ਕਰਮ ਦਾ ਇੰਤਜ਼ਾਰ ਕਰ ਰਿਹਾ



Sri Satguru Jagjit Singh Ji eLibrary NamdhariElibrary@gmail.com

ਸੀ। ਅੱਖਾਂ ਮਿਲਦੇ ਹੀ ਉਸ ਆਖਿਆ : ਜੀ ਮੇਰਾ ਨਾਮ ਰਾਜ ਕੁਮਾਰ ਮਲਹੋਤਰਾ ਹੈ। ਮੈਂ ਦਿੱਲੀ ਵਿਚ ਐਕਸਪੋਰਟ ਇੰਮਪੋਰਟ ਅਤੇ ਮੈਨੂਫੈਕਚਰਿੰਗ ਦਾ ਕੰਮ ਕਰਦਾ ਕਰਵਾਂਦਾ ਹਾਂ। ਬੜੇ ਚਿਰ ਤੋਂ ਆਪ ਜੀ ਦੇ ਦਰਸ਼ਨ ਦੀ ਇੱਛਾ ਸੀ। ਵੱਡੇ ਭਾਗਾਂ ਨਾਲ ਅੱਜ ਹੀ ਪੂਰਨ ਹੋਈ।

ਇਹ ਸੱਜਣ ਡੀਫੈਂਸ ਕਾਲੋਨੀ ਦਾ ਰਿਹਾਇਸ਼ੀ ਹੈ। ਸਤਿਗੁਰੂ ਜੀ ਨੇ ਸਜਣ ਸਤਪੁਰ ਦੇ ਬਚਨ ਕਰਕੇ ਛੁੱਟੀ ਲਈ। ਗੱਡੀਆਂ ਪੂਸਾ ਰੋਡ ਨੂੰ ਹੋ ਤੁਰੀਆਂ।

### ੧-੬੩ ਪੂਸਾ ਰੋਡ

ਸਤਿਗੁਰੂ ਸੁਆਗਤ ਲਈ ਕਾਫੀ ਨਾਮਧਾਰੀ ਕੋਠੀ ਪੁਜੇ ਹੋਏ ਸਨ। ਸਭ ਦਾ ਅਭਿਵਾਦਨ ਸਵੀਕਾਰ ਕਰ ਦੀਨਦਿਆਲ ਉਪਰਲੀ ਛੱਤ ਤੇ ਅਪਣੇ ਬੈਠਕ ਕਮਰੇ ਵਿਚ ਪਧਾਰੇ। ਪੰਦਰਾਂ ਮਿੰਟ ਸ: ਸਿੱਧੂ ਨਾਲ ਬਿਤਾ, ਹਲਕਾ ਜਿਹਾ ਜਲਪਾਨ ਕਰ ਅਜੇ ਵਿਹਲੇ ਹੋਏ ਸਨ ਕਿ ਮਾਤਾ ਸਰਵੰਤ ਕੌਰ ਜੀ ਦੇ ਹਸਪਤਾਲ ਦਾ ਪਤਾ ਲਗ ਗਿਆ। ਥੋੜਾ ਚਿਰ ਹੋਰ ਮਿਲਣ ਵਾਲਿਆਂ ਨੂੰ ਦਰਸ਼ਨ ਦੇ ਆਪ ਆਪਣੀ ਜੀਪ ਵਲ ਆਏ ਤਾਂ ਪਤਾ ਲਗਾ ਹਜ਼ੂਰੀ ਡਰਾਈਵਰ ਗੁਰਮੁਖ ਸਿੰਘ ਸੁੱਤਾ ਪਿਆ ਹੈ। ਸੇਵਕਾਂ ਨੂੰ ਜਗਾਣੋਂ ਮਨਾਂ ਕਰ ਆਪ ਹੰਸਪਾਲ ਵਾਲੀ ਗੱਡੀ ਵਿਚ ਹੀ ਆ ਬੈਠੇ।

### ਓਖਲਾ ਨੂੰ

ਮੈਂ ਪੁਛਿਆ ਕਿਧਰ ਨੂੰ ਚਲੇ ਹਾਂ। ਹੰਸਪਾਲ ਨੇ ਕਿਹਾ, ਓਖਲਾ ਨੂੰ। ਸਤਿਗੁਰੂ ਵਿਨੋਦ ਵਿਚ ਬੋਲੇ : 'ਅਹੁ ਖਲਾ' ਵਲ। ਅਤੇ ਰਾਹ ਵਿਚ ਜਾਂਦਿਆਂ ਸ: ਹੰਸਪਾਲ ਨੇ ਦਿੱਲੀ ਵਿਚ ਅਪਣੀ ਨਕਲੀ ਹਰਕਤ ਦੀ ਰਿਪੋਰਟ ਸਤਿਗੁਰਾਂ ਨੂੰ ਦਿਤੀ।

### ਨਕਈ

ਸਤਿਗੁਰੂ ਜੀ ਨੇ ਅੱਜ ਆਪਣੇ 'ਲੰਗੋਟੀਏ' ਨੂੰ ਯਾਦ ਕੀਤਾ : ਕੁੰਦਨ ਸਿੰਘ ਨਕਈ ਨੇ ਆਫੀਸਰਜ਼ ਕਲੱਬ ਬਾਰੇ ਕਿਹਾ ਸੀ, ਇਹ ਇਕ-ਲੱਤਿਆਂ ਵਾਸਤੇ ਹੈ। ਉਹਨਾਂ ਨੂੰ ਇਸ ਨਾਲ ਹਰ ਤਰ੍ਹਾਂ ਸਹੂਲਤ ਹੋ ਜਾਂਦੀ ਹੈ। ਮੈਂ ਆਖਿਆ : ਨਕਈ ਤਾਂ ਬਹੁਤ ਹੀ ਦੂਰ ਹੋ ਗਿਆ, ਕਦੇ ਮਿਲੇ ਮਸਾਹਕੇ ਵੀ ਨਹੀਂ ਆਇਆ। ਸਤਿਗੁਰਾਂ ਹੱਸਿਆ : ਇਕ ਵਾਰ ਕਈ ਵਾਲੇ ਵਾਲਿਆਂ ਉਸਨੂੰ ਪਿੰਡ ਦਾ ਨੰਬਰਦਾਰ ਬਣਨ ਲਈ ਪ੍ਰੇਰਿਆ। ਫੇਰ ਕਿਹਾ, ਮੈਨੂੰ ਜਦੋਂ ਵੀ ਆਗਿਆ ਹੋਵੀ, ਵਿਚੋਂ ਹੀ ਸਭ ਕੁਝ ਛੱਡ ਦਿਆਂਗਾ।

ਸ: ਕੁੰਦਨ ਸਿੰਘ ਅਤੇ ਸ: ਰਾਜਿੰਦਰ ਸਿੰਘ ਗੱਦੋਂ ਭੋਂ ਸਤਿਗੁਰੂ ਜੀ ਦੇ ਖਾਸ ਸਾਥੀ ਹਨ। ਸਤਿਗੁਰੂ ਜੀ ਨਾਲ ਇਹਨਾਂ ਦੀ, ਇਹਨਾਂ ਨਾਲ ਸਤਿਗੁਰੂ ਜੀ (ਓਹੋਂ ਦੇ ਬੇਅੰਤ ਜੀ) ਦੀ ਬੜੀ ਇਕਸੁਰਤਾ ਸੀ। ਰਾਤ ਦਾ ਵਿਸ਼ਰਾਮ ਹੀ ਵੱਖ ਵੱਖ ਸੀ, ਨਹੀਂ ਤਾਂ ਸਾਰਾ ਦਿਨ ਪੜ੍ਹਨ-ਲਿਖਣ, ਗੱਲਾਂ ਬਾਤਾਂ ਅਤੇ ਦਿਲ ਲਗੀਆਂ ਸਾਂਝੀਆਂ ਸਨ। ਹੁਣ ਰਜਿੰਦਰ ਸਿੰਘ ਗਦੋਂ ਭੋਥ (ਤਹਿ: ਮੁਕਤਸਰ) ਵਿਚ ਆਪਣੇ ਪਰਵਾਰ ਦੇ ਜ਼ਿਮੀਦਾਰੀ ਵਿਚ ਮਗਨ ਹੈ ਤੇ ਕੁੰਦਨ ਸਿੰਘ ਨਕਈ ਕਰੀਵਾਲੇ (ਹਰਾ) ਵਿਚ ਖੇਤੀਬਾੜੀ ਵਿਚ ਗਲਤਾਨ।

### ਹੋਲੀ ਫੈਮਿਲੀ ਹਸਪਤਾਲ

ਓਖਲੇ ਦੇ ਹੋਲੀ ਫੈਮਿਲੀ ਹਸਪਤਾਲ ਦੇ ਕਮਰ ਨੰ: ੪੧੯ ਵਿਚ ਸਤਿਗੁਰੂ ਜੀ ਨਾਲ ਪੁਜੇ ਤਾਂ ਨਰਸ ਮਾਤਾ ਸਰਵੰਤ ਕੌਰ ਜੀ ਦਾ ਟੈਂਪਰੇਚਰ ਲੈ ਰਹੀ ਸੀ। ਸਾਫ ਸੁਥਰੇ ਕਮਰੇ ਵਿਚ ਮਾਤਾ ਜੀ ਬੈੱਡ ਤੇ ਲੇਟੇ ਹੋਏ ਸਨ। ਅੱਖਾਂ ਸੁੱਜੀਆਂ ਪਈਆਂ ਸਨ। ਮੱਥੇ ਤੇ ਵੀ ਚੋਟ ਸੀ। ਲੱਤਾਂ ਸਫੈਦ ਚਦਰ ਨਾਲ ਕੱਜੀਆਂ ਹੋਈਆਂ ਸਨ। ਖੱਬੇ ਗੋਡੇ ਤੋਂ ਉਪਰ ਦੀ ਹੱਡੀ ਟੁੱਟੀ ਹੈ। ਤਕਲੀਫ ਬਹੁਤ ਸੀ। ਠਾਕਰ ਸ਼ਮਸ਼ੇਰ ਸਿੰਘ ਜੀ, ਉਹਨਾਂ ਦੀ ਪਤਨੀ, ਸ੍ਰੀ ਵਿਸ਼ੇਸ਼ਰ ਸਿੰਘ ਜੀ ਅਤੇ ਗਿ ਜਸਦੇਵ ਸਿੰਘ ਬਿਸਤਰ ਦੇ ਇਰਦ ਗਿਰਦ ਖਲੋਤੇ ਸਨ।

ਦੋਹਾਂ ਭਰਾਵਾਂ ਅਤੇ ਬੀਬੀ ਕੁਲਸਰਨ ਨੇ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਠਾਕਰ ਸ਼ਮਸ਼ੇਰ ਸਿੰਘ ਜੀ ਨੇ ਸਤਿਗੁਰੂ ਜੀ ਨੂੰ ਸਾਰੀ ਸਥਿਤੀ ਤੋਂ ਜਾਣੂੰ ਕਰਵਾਇਆ।

ਕਮਜ਼ੋਰ ਕਾਇਆ ਮਾਤਾ ਸਰਵੰਤ ਕੌਰ ਜੀ ਦਾ ਬਲੱਡ ਪ੍ਰੈਸ਼ਰ ਠੀਕ ਸੀ। ਹੋਸ਼ ਹਵਾਸ ਕਾਇਮ ਸਨ। ਭਾਵੇਂ ਉਹ ਸਾਰਾ ਸਮਾਂ ਚੁੱਪ ਅਤੇ ਬੰਦ ਅੱਖੀਂ ਪਏ ਰਹੇ।

ਅਸੀਂ ੧੦-੩੦ ਰਾਤੀਂ ਹਸਪਤਾਲੋਂ ਬਾਹਰ ਆਏ। ਸਤਿਗੁਰਾਂ ਲੰਮਾ ਸਮਾਂ ਅਪਣੇ ਚਹੇਤੇ ਭਾਈ ਨਾਲ ਨਵੇਕਲਿਆਂ ਗੱਲਬਾਤ ਕੀਤੀ।

ਕੋਠੀ ਆਉਂਦਿਆਂ ਤਕ ੧੧ ਵਜ ਗਏ। ਸਤਿਗੁਰੂ ਜੀ ਨੇ ਵਿਨੋਦ ਨਾਲ ਅਸਲੀ ਗੱਲ ਕੀਤੀ : ਹੁਣ ਸਭ ਜਾਣ ਦੀ ਕ੍ਰਿਪਾ ਕਰੋ।

(ਚਲਦਾ)



Sri Satguru Jagjit Singh Ji eLibrary NamdhariElibrary@gmail.com

# ਕੋਈ ਦਮ ਦਾ ਮਹਿਮਾਨ ਹਾਂ

—ਵੀਰੇਂਦਰ ਸਿੰਧੂ

ਸ: ਭਗਤ ਸਿੰਘ ਦੀ ਸ਼ਹੀਦੀ (੨੩ ਮਾਰਚ) ਭਾਰਤ ਦੇ ਆਜ਼ਾਦੀ ਸੰਗਰਾਮ ਦਾ ਇਕ ਅਹਿਮ ਪੜਾਅ ਹੈ। ਉਹਨਾਂ ਦੀ ਭਤੀਜੀ ਸ੍ਰੀਮਤੀ ਵਿਰੇਂਦਰ ਸਿੰਧੂ ਨੇ "ਯੁਗ ਪੁਰਸ਼ ਭਗਤ ਸਿੰਘ ਤੇ ਉਨ੍ਹਾਂ ਦੇ ਪੂਰਵਜ" ਪੁਸਤਕ ਲਿਖੀ ਸੀ ਜਿਸ ਦਾ ਪੰਜਾਬੀ ਰੂਪਾਂਤਰ ਭਾਸ਼ਾ ਵਿਭਾਗ ਨੇ ੧੯੭੫ ਵਿਚ ਪ੍ਰਕਾਸ਼ਤ ਕੀਤਾ। ਸ: ਭਗਤ ਸਿੰਘ ਅਤੇ ਉਹਨਾਂ ਦੇ ਪੂਰਵਜਾਂ ਸਬੰਧੀ ਇਕ ਇਤਿਹਾਸਕ ਤੱਥਾਂ ਅਤੇ ਸਾਹਿਤਕ ਛੋਹ ਵਾਲੀ ਪੁਸਤਕ ਹੈ। ਉਸੇ ਦਾ ਇਕ ਕਾਂਡ ਪ੍ਰਕਾਸ਼ਤ ਕਰਦੇ ਹੋਏ ਮਹਾਨ ਸ਼ਹੀਦ ਨੂੰ ਸ਼ਰਧਾਂਜਲੀ ਅਰਪਨ ਕਰਦੇ ਹਾਂ।

—ਸੰਪਾਦਕ



ਭਗਤ ਸਿੰਘ ਨੇ ਹੋਸ਼ ਸੰਭਾਲਦੇ-ਸੰਭਾਲਦੇ ਜੋ ਚੇਤੇ ਰੱਖਣ ਯੋਗ ਗੱਲ ਸੁਣੀ, ਉਹ ਸੀ ਆਪਣੇ ਚਾਚਾ ਸਰਦਾਰ ਅਜੀਤ ਸਿੰਘ ਦੀ ਜਲਾਵਤਨੀ ਦੀ, ਦੇਸ਼ ਤੋਂ ਫਰਾਰ ਹੋ ਕੇ ਵਿਦੇਸ਼ ਜਾਣ ਦੀ ਅਤੇ ਅੰਗਰੇਜ਼ਾਂ ਵਿਰੁਧ ਉਨ੍ਹਾਂ ਦੀ ਬਗਾਵਤ ਦੀ। ਭਗਤ ਸਿੰਘ ਨੇ ਅੱਖਰਾਂ ਦਾ ਗਿਆਨ ਹੋਣ ਤੇ ਜੋ ਕੁਝ ਸਭ ਤੋਂ ਪਹਿਲਾਂ ਪੜ੍ਹਿਆ, ਉਹ ਸੀ ਸਰਦਾਰ ਅਜੀਤ ਸਿੰਘ ਦਾ ਸਾਹਿਤ। ਭਗਤ ਸਿੰਘ ਨੇ ਅਕਲ ਸੁਆਰਦੇ ਸੁਆਰਦੇ ਜੋ ਕੁਝ ਵੇਖਿਆ ਉਹ ਸੀ ਚਾਚੀ ਹਰਨਾਮ ਕੌਰ ਸ੍ਰੀਮਤੀ ਅਜੀਤ ਸਿੰਘ ਦੀਆਂ ਅੱਖਾਂ ਵਿਚੋਂ ਵਹਿੰਦੀ ਹੰਝੂ ਧਾਰਾ। ਭਗਤ ਸਿੰਘ ਨੇ ਆਪਣੇ ਬਚਪਨ ਵਿਚ ਜੋ ਕੁਝ ਵਾਰ ਵਾਰ ਸੁਣਿਆ ਉਹ ਸੀ ਚਾਚੀ ਹਰਨਾਮ ਕੌਰ ਦਾ ਪ੍ਰਸ਼ਨ "ਭਾਗਾਂ ਵਾਲਿਆ ਤੇਰੇ ਚਾਚਾ ਜੀ ਦੀ ਕੋਈ ਚਿਠੀ ਆਈ ?"

ਇਨ੍ਹਾਂ ਸਭ ਗੱਲਾਂ ਨੇ ਉਨ੍ਹਾਂ ਦੇ ਮਨ ਤੇ ਸਰਦਾਰ ਅਜੀਤ ਸਿੰਘ ਦੀ ਅਜਿਹੀ ਤਸਵੀਰ ਖਿਚ ਦਿਤੀ ਜੋ ਕਦੇ ਮੈਲੀ ਨਹੀਂ ਹੋਈ, ਪਰ ਇਸ ਤਸਵੀਰ ਵਿਚ ਰੰਗ ਭਰਨ ਲਈ ਉਨ੍ਹਾਂ ਦੇ ਜੀਵਨ ਵਿਚ ਕਦੇ ਮੌਕਾ ਨਹੀਂ ਆਇਆ ਕਿਉਂਕਿ ਭਗਤ ਸਿੰਘ ਦੇ ਗ੍ਰਿਫਤਾਰ ਹੋਣ ਤਕ ਇਹੀ ਪਤਾ ਨਹੀਂ ਸੀ ਕਿ ਸਰਦਾਰ ਅਜੀਤ ਸਿੰਘ ਜਿਉਂਦੇ ਵੀ ਹਨ ਜਾਂ ਨਹੀਂ। ਭਗਤ ਸਿੰਘ ਨੇ ਦੁਸਹਿਰਾ ਬੰਬ ਕਾਂਡ ਵਿਚ ਆਪਣੀ ਗ੍ਰਿਫਤਾਰੀ ਬਾਦ ਆਪਣੇ ਹਮ-ਜਮਾਤੀ ਸ੍ਰੀ ਅਮਰ ਚੰਦ ਨੂੰ ਜੋ ਚਿਠੀ ਅਮਰੀਕਾ ਲਿਖ ਭੇਜੀ ਸੀ ਉਸ ਦੀਆਂ ਕੁਝ ਸਤਰਾਂ ਇਸ ਤਰ੍ਹਾਂ ਹਨ "ਭਾਈ ਸਾਡੀ ਮੁਮਾਲਕ ਗੈਰ (ਪਰਦੇਸਾਂ) ਵਿਚ ਜਾ ਕੇ ਤਾਲੀਮ (ਸਿਖਿਆ) ਹਾਸਲ ਕਰਨ ਦੀ ਖਾਹਿਸ਼ ਖੂਬ ਪਾਇਮਾਲ (ਬਰਬਾਦ) ਹੋਈ। ਚੰਗਾ ਤੁਹਾਨੂੰ ਹੀ ਇਹ ਸਭ ਮੁਬਾਰਕ। ਕਦੇ ਮੌਕਾ ਮਿਲੇ ਤਾਂ ਚੰਗੀਆਂ ਪੁਸਤਕਾਂ ਭੇਜਣ ਦੀ ਖੇਚਲ ਕਰਨੀ। ਆਖਰ ਅਮਰੀਕਾ ਵਿਚ ਲਿਟਰੇਚਰ (ਸਾਹਿਤ) ਤਾਂ ਬਹੁਤ ਹੈ। ਸਾਨਫ੍ਰਾਂਸਿਸਕੋ ਵਗੈਰਾ ਵਲ ਸਰਦਾਰ ਜੀ (ਚਾਚਾ ਜੀ) ਦਾ ਸ਼ਾਇਦ ਕੁਝ ਪਤਾ ਲਗ ਸਕੇ। ਕੋਸ਼ਿਸ਼ ਕਰਨਾ। ਘਟੋ ਘਟ ਉਨ੍ਹਾਂ ਦੇ ਹੋਣ ਦਾ ਯਕੀਨ ਤਾਂ ਹੋ ਜਾਵੇ।"

ਜਦੋਂ ਭਗਤ ਸਿੰਘ ਲਾਹੌਰ ਜੇਲ੍ਹ ਵਿਚ ਭੁਖ-ਹੜਤਾਲ ਕਰ ਰਹੇ ਸਨ, ਪੰਡਤ ਜਵਾਹਰ ਲਾਲ ਨਹਿਰੂ ਉਨ੍ਹਾਂ ਨੂੰ ਮਿਲੇ ਸਨ। ਨਹਿਰੂ ਜੀ ਦੇ ਸ਼ਬਦਾਂ ਵਿਚ "ਭਗਤ ਸਿੰਘ ਦੀ ਵਿਸ਼ੇਸ਼ ਇੱਛਾ ਆਪਣੇ ਚਾਚਾ ਸਰਦਾਰ ਅਜੀਤ ਸਿੰਘ ਨੂੰ, ਜੋ ੧੯੦੭ ਵਿਚ ਲਾਲਾ ਲਾਜਪਤ ਰਾਇ ਨਾਲ ਜਲਾਵਤਨ ਕਰ ਦਿਤੇ ਗਏ ਸਨ, ਮਿਲਣ ਜਾਂ ਘਟੋ ਘਟ ਉਨ੍ਹਾਂ ਬਾਰੇ



Sri Satguru Jagjit Singh Ji eLibrary NamdhariElibrary@gmail.com

ਪਤਾ ਕਰਨਾ ਮਾਲੂਮ ਹੋਵੇ। ਉਹ ਕਈ ਸਾਲਾਂ ਤਕ ਦੇਸ਼ ਨਿਕਾਲੇ ਵਿਚ ਰਹੇ। ਕੁਝ ਕੁਝ ਇਹ ਵੀ ਸੁਣਿਆ ਗਿਆ ਸੀ ਕਿ ਉਹ ਦੱਖਣੀ ਅਮਰੀਕਾ ਵਿਚ ਵਸ ਗਏ ਹਨ, ਪਰ ਮੇਰੇ ਵਿਚਾਰ ਵਿਚ ਉਨ੍ਹਾਂ ਦੇ ਬਾਰੇ ਕੋਈ ਨਿਸ਼ਚਿਤ ਜਾਣਕਾਰੀ ਨਹੀਂ। ਮੈਨੂੰ ਇਹ ਵੀ ਪਤਾ ਨਹੀਂ ਕਿ ਉਹ ਮਰ ਗਏ ਹਨ ਜਾਂ ਜਿੰਦਾ ਹਨ।'

ਇਸ ਦੇ ਕੁਝ ਦਿਨਾਂ ਪਿਛੋਂ ਸਰਦਾਰ ਅਜੀਤ ਸਿੰਘ ਦੀ ਚਿਠੀ ਕਿਸੇ ਹੋਰ ਆਦਮੀ ਦੀ ਮਾਰਫ਼ਤ ਮਿਲ ਗਈ ਸੀ। ਉਹ ਬਰਾਜ਼ੀਲ ਵਿਚ ਸਨ ਅਤੇ ਜਦੋਂ ਉਨ੍ਹਾਂ ਨੂੰ ਭਗਤ ਸਿੰਘ ਬਾਰੇ ਕੁਝ ਪਤਾ ਨਹੀਂ ਸੀ, ਫਿਰ ਵੀ ਇਹ ਅਨੋਖੀ ਗੱਲ ਹੈ ਕਿ ਜਿਵੇਂ ਭਗਤ ਸਿੰਘ ਦੀ ਉਨ੍ਹਾਂ ਵਿਚ ਦਿਲਚਸਪੀ ਸੀ, ਉਨ੍ਹਾਂ ਦੀ ਵੀ ਭਗਤ ਸਿੰਘ ਵਿਚ ਦਿਲਚਸਪੀ ਸੀ। ਚਿੱਠੀ ਵਿਚ ਲਿਖਿਆ ਸੀ "ਜੇ ਭਗਤ ਸਿੰਘ ਦੀ ਪੜ੍ਹਾਈ ਖ਼ਤਮ ਹੋ ਗਈ ਹੋਵੇ ਤਾਂ ਉਨ੍ਹਾਂ ਨੂੰ ਬਰਾਜ਼ੀਲ ਭੇਜ ਦਿਤਾ ਜਾਵੇ।" ਭਗਤ ਸਿੰਘ ਨੇ ਕੋਸ਼ਿਸ਼ ਕੀਤੀ ਸੀ ਕਿ ਉਨ੍ਹਾਂ ਦੇ ਛੋਟੇ ਭਰਾ ਕੁਲਬੀਰ ਸਿੰਘ ਬਰਾਜ਼ੀਲ ਚਲੇ ਜਾਣ ਪਰ ਇਹ ਸੰਭਵ ਨਾ ਹੋ ਸਕਿਆ। ਔਖੇ ਕਾਲ-ਕੋਠੜੀ ਵਿਚ ਰਹਿੰਦਿਆਂ ਅਤੇ ਫਾਂਸੀ ਦੀ ਉਡੀਕ ਕਰਦੇ ਸਮੇਂ ਵੀ ਉਨ੍ਹਾਂ ਨੂੰ ਸਰਦਾਰ ਅਜੀਤ ਸਿੰਘ ਵਿਚ ਬਹੁਤ ਦਿਲਚਸਪੀ ਸੀ। ਇਕ ਇਨਕਲਾਬੀ, ਦੂਸਰੇ ਇਨਕਲਾਬੀ ਦੇ ਧਿਆਨ ਵਿਚ ਗਲਤਾਨ ਸੀ। ਹੈ ਵੀ ਠੀਕ। ਇਨਕਲਾਬ ਦੀ ਜੋ ਵੇਲ ਭਗਤ ਸਿੰਘ ਦੁਆਰਾ ਚੰਦਨ ਰੁੱਖ ਦਾ ਰੂਪ ਧਾਰਨ ਕਰ ਰਹੀ ਸੀ, ਉਸ ਦੀ ਪਹਿਲੀ ਸਮਗਰੀ ਸਰਦਾਰ ਅਜੀਤ ਸਿੰਘ ਨੇ ਹੀ ਰੱਖੀ ਸੀ।

ਲਾਲਾ ਪਿੰਡੀ ਦਾਸ ਜੀ ਦੇ ਸ਼ਬਦਾਂ ਵਿਚ "ਮੈਂ ਭਗਤ ਸਿੰਘ ਨੂੰ ਆਖ਼ਰੀ ਵਾਰ ਮਿਲੇ ਤਾਂ ਪੁੱਛਿਆ "ਬੋਲੋ ਭਗਤ ਸਿੰਘ ਕੋਈ ਆਖ਼ਰੀ ਖ਼ਾਹਸ਼ ਕੋਈ ਆਖ਼ਰੀ ਪੈਗ਼ਾਮ? ਭਗਤ ਸਿੰਘ ਬੋਲਿਆ "ਚਾਚਾ ਜੀ ਸਿਰਫ ਇਕ ਖ਼ਾਹਸ਼ ਹੈ। ਕਾਸ਼ ਕੋਈ ਮੇਰੇ ਮਰਨ ਤੋਂ ਪਹਿਲਾਂ ਮੇਰੇ ਮਹਿਬੂਬ ਚਾਚਾ (ਸਰਦਾਰ ਅਜੀਤ ਸਿੰਘ) ਨੂੰ ਮਿਲਾ ਦੇਵੇ ਜਿਸ ਨੂੰ ਬਿਨਾਂ ਵੇਖੇ ਮੈਂ ਉਨ੍ਹਾਂ ਦਾ ਆਸ਼ਕ ਬਣਿਆ ਜਿਨ੍ਹਾਂ ਦੇ ਨਕਸ਼ਿ ਕਦਮ (ਪੈਰ ਚਿੰਨ੍ਹ) ਤੇ ਚਲਕੇ ਮੈਂ ਇਸ ਅਸ਼ਕ ਦੀ ਵਾਦੀ (ਹੰਝੂਆਂ ਦੀ ਧਰਤੀ) ਵਿਚ ਕਦਮ ਧਰਿਆ ਅਤੇ ਜਿਨ੍ਹਾਂ ਦੇ ਪਿਆਰ ਨੇ ਮੈਨੂੰ ਮੰਜ਼ਲ ਤਕ ਪੁਚਾ ਦਿੱਤਾ।" ਅੱਖਾਂ ਤੇ ਰੁਮਾਲ ਰਖਕੇ ਮੈਂ ਮੁੜ ਆਇਆ। ਮੁਨਾਸਬ ਥਾਂ ਇਹ ਖ਼ਾਹਸ਼ ਪੁਚਾਈ ਗਈ ਪਰ ਸਫਲਤਾ ਨਾ ਮਿਲੀ।"

੩ ਮਾਰਚ ੧੯੩੧ ਨੂੰ ਭਗਤ ਸਿੰਘ ਨਾਲ ਪਰਿਵਾਰ ਆਖ਼ਰੀ ਵਾਰ ਮਿਲਿਆ। ਮੁਲਾਕਾਤ, ਆਪਣਿਆਂ ਦੀ ਆਪਣਿਆਂ ਨਾਲ ਮਿਲਣਾ ਸਦਾ ਹੀ ਵੱਡੀ ਗੱਲ ਹੁੰਦੀ ਹੈ। ਫਿਰ ਜੇਲ ਵਿਚ ਮੁਲਾਕਾਤ ਤਾਂ ਜੀਵਨ ਦੀ ਇਕ ਬਰਕਤ ਹੈ ਕਿਉਂਕਿ ਉਹ ਆਪਣਿਆਂ ਨੂੰ ਉਨ੍ਹਾਂ ਆਪਣਿਆਂ ਨਾਲ ਮਿਲਾਉਂਦੀ ਹੈ ਜੋ ਵਿਛੜ ਗਏ ਹਨ ਅਤੇ ਇਹ ਅਹਿਸਾਸ ਦਿਵਾਉਂਦੀ ਹੈ ਕਿ ਵਿਛੋੜਾ ਅਸਥਾਈ ਹੈ, ਬਾਹਰੀ ਹੈ। ਉਹ ਹੁਣ ਵੀ ਅੰਦਰੂਨੀ ਰੂਪ ਵਿਚ ਮਨ ਤੋਂ ਇਕ ਹਨ ਅਤੇ ਦੇਸ-ਸਵੇਰ ਵਿਚ ਇਕ ਹੋ ਕੇ ਰਹਿਣਗੇ ਪਰ ਆਖ਼ਰੀ ਮੁਲਾਕਾਤ! ਇਸਦਾ ਦੁਖ ਉਹੀ ਜਾਣ ਸਕਦੇ ਹਨ, ਜਿਨ੍ਹਾਂ ਨੇ ਕਦੇ ਕਿਸੇ ਆਪਣੇ ਨਾਲ ਆਖ਼ਰੀ ਮੁਲਾਕਾਤ ਕੀਤੀ ਹੋਵੇ। ਸੋਚ ਕੇ ਹੀ ਕਾਲਜਾ ਫਟਣ ਲਗਦਾ ਹੈ। ਦਿਲ ਚਾਹੁੰਦਾ ਹੈ ਕਿ ਆਪਣੇ ਲਾਡਲੇ ਨੂੰ ਆਪਣੇ ਵਿਚ ਸਮਾ ਲਈਏ, ਲੈ ਭਜੀਏ, ਕਿਸੇ ਦੀ ਨਜ਼ਰ ਨਾ ਲਗਣ ਦੇਈਏ, ਪਰ ਹਾਲਾਤ ਖ਼ਾਹਸ਼ ਦਾ ਸਾਥ ਨਹੀਂ ਦਿੰਦੇ। ਮਨ ਵਿਚ ਹਜ਼ਾਰਾਂ ਗੱਲਾਂ ਉਮਡਦੀਆਂ ਹਨ ਪਰ ਬਾਹਰ ਇਕ ਨਹੀਂ ਆਉਂਦੀ। ਬਾਹਰ ਆਉਂਦੇ ਹਨ ਹੰਝੂ, ਜੋ ਅੱਖਾਂ ਨੂੰ ਵੇਖਣ ਵੀ ਨਹੀਂ ਦਿੰਦੇ ਆਖ਼ਰੀ ਵਾਰ ਆਪਣੇ ਲਾਡਲੇ ਨੂੰ ਅਤੇ ਉਨ੍ਹਾਂ ਨੂੰ ਡੁਬੋ ਲੈਂਦੇ ਹਨ ਆਪਣੇ ਵਿਚ।

ਉਸ ਦਿਨ ਦੀ ਮੁਲਾਕਾਤ ਵਿਚ ਮਾਤਾ ਪਿਤਾ ਸਨ, ਦਾਦਾ ਜੀ ਸਨ, ਚਾਚੀਆਂ ਸਨ ਅਤੇ ਭਾਈ ਸਨ। ਸਭ ਤੋਂ ਵੱਧ ਉਦਾਸ ਸਨ ਸਰਦਾਰ ਅਰਜਨ ਸਿੰਘ ਜਿਨ੍ਹਾਂ ਨੇ ਇਸ ਖ਼ਾਨਦਾਨ ਵਿਚ ਇਨਕਲਾਬ ਦਾ ਬੂਟਾ ਲਾਇਆ ਸੀ, ਅਤੇ ਜਿਸ ਦਾ ਫਲ ਉਨ੍ਹਾਂ ਦੇ ਸਾਹਮਣੇ ਸੀ। ਉਹ ਅਜਿਹਾ ਫਲ ਸੀ ਜਿਸ ਨੂੰ ਹਾਸਲ ਕਰਕੇ ਅਜਿਹਾ ਮਾਣ ਪ੍ਰਾਪਤ ਹੋਵੇ ਜੋ ਦੇਵਤਿਆਂ ਲਈ ਵੀ ਈਰਖਾ ਦੀ ਚੀਜ਼ ਹੋਵੇ ਪਰ ਜਿਸ ਨਾਲ ਇੰਨੇ ਤੇਜ਼ ਕੰਡੇ ਹੋਣ ਕਿ ਰੋਮ-ਰੋਮ ਵਿਚ ਬਿੱਛੂ ਦੇ ਡੰਗ ਵਾਂਗ ਜ਼ਹਿਰ ਭਰ ਦੇਣ।

ਉਹ ਭਗਤ ਸਿੰਘ ਪਾਸ ਇਕ ਵਾਰ ਆਏ ਅਤੇ ਉਨ੍ਹਾਂ ਨੇ ਉਨ੍ਹਾਂ ਦੇ ਸਿਰ ਤੇ ਇਸ ਤਰ੍ਹਾਂ ਹੱਥ ਫੇਰਿਆ ਜਿਵੇਂ ਭਗਤ ਸਿੰਘ ਇਕ ਛੋਟੇ ਬੱਚੇ ਹੋਣ। ਉਨ੍ਹਾਂ ਨੇ ਬਹੁਤ ਚਾਹਿਆ ਕਿ ਉਹ ਕੁਝ ਕਹਿਣ ਪਰ ਰੋਣਾ ਇੰਨਾ ਪ੍ਰਬਲ ਸੀ ਕਿ ਬੋਲ ਕੰਠ ਨੂੰ ਪਾਰ ਕਰਕੇ ਜ਼ਬਾਨ ਤਕ ਆਏ ਜ਼ਰੂਰ ਪਰ ਹੋਠਾਂ ਦੇ ਬੰਧੇ ਨੇ ਉਨ੍ਹਾਂ ਨੂੰ ਸ਼ਬਦਾਂ ਦਾ ਰੂਪ ਨਾ ਲੈਣ ਦਿੱਤਾ ਅਤੇ ਬੋਲ ਇਕ ਡਿੱਗੀ ਹੋਈ ਫੁਸਫਸਾਹਟ ਬਣ ਕੇ ਰਹਿ ਗਏ। ਬੇਚੈਨੀ ਇੰਨੀ ਪ੍ਰਬਲ ਸੀ ਕਿ ਕੋਲ ਖੜੇ ਰਹਿਣਾ ਅਸੰਭਵ ਹੋ ਗਿਆ ਅਤੇ ਉਹ ਦੂਰ ਜਾ ਕੇ ਖੜ੍ਹ ਗਏ। ਉਨ੍ਹਾਂ ਦੇ ਬਾਦ ਹੰਝੂ ਬਣਕੇ

ਲਗਾਤਾਰ ਵਹਿੰਦੇ ਰਹੇ ।

ਜਿਸ ਮਾਂ ਨੇ ਜਨਮ ਦਿੱਤਾ, ਜਿਨ੍ਹਾਂ ਬਾਹੀਆਂ ਨੇ ਗੋਦ ਖਿਡਾਇਆ, ਉਹ ਵੀ ਕਹਿਣ ਨੂੰ ਹੀ ਕੋਲ ਸਨ ਪਰ ਹਜ਼ਾਰਾਂ ਲੱਖਾਂ ਮੀਲ ਦੂਰ । ਸੱਚ ਵੀ ਤਾਂ ਹੈ । ਜੋ ਆਪਣੇ ਵਿਚ ਖੁਦ ਹੀ ਗੁਆਚਿਆ ਹੋਇਆ ਹੋਵੇ ਉਹ ਕਿਸੇ ਦੇ ਪਾਸ ਕੀ ਹੋਵੇਗਾ ? ਭਾਈਆਂ ਦੇ ਮਨਾਂ ਵਿਚ ਕਿੰਨੀਆਂ ਗਾਲਾਂ ਸਨ ਮਿਠੀਆਂ-ਮਿਠੀਆਂ ਪਰ ਉਹ ਉਸ ਪਲ ਕਿੰਨੀਆਂ ਕੌੜੀਆਂ ਲਗ ਰਹੀਆਂ ਸਨ । ਬਿਮਾਰ ਨੂੰ ਧਣੀਏ ਪਦੀਨੇ ਦੀ ਚਟਣੀ ਵੀ ਨਿੰਮ ਲਗਦੀ ਹੈ । ਜਿਨ੍ਹਾਂ ਪਲਾਂ ਵਿਚ ਅਸੀਂ ਆਪ ਰੋਂਦੇ ਹੋਈਏ ਉਨ੍ਹਾਂ ਵਿਚ ਸਾਨੂੰ ਕੌਣ ਮਿਠਾ ਲਗ ਸਕਦਾ ਹੈ ।

ਜਿਸ ਦੇ ਖੋਹ ਜਾਣ ਦੇ ਦੁਖ ਵਿਚ ਸਭ ਬਿਹਬਲ ਸਨ ਉਸ ਦੀ ਕੀ ਦਸ਼ਾ ਸੀ । ਉਹ ਸਨ ਭਗਤ ਸਿੰਘ ਅਤੇ ਉਹ ਸਦਾ ਵਾਂਗ ਪੂਰਨ ਸ਼ਾਂਤ ਅਤੇ ਪੂਰਨ ਪ੍ਰਸੰਨ ਜਨ ਅਤੇ ਪਰਿਵਾਰ ਨੂੰ ਆਪਣਾ ਵਤਨ ਵਧ ਜਾਣ ਦੀ ਖ਼ਬਰ ਖ਼ੁਸ਼ੀ ਖ਼ੁਸ਼ੀ ਸੁਣਾ ਰਹੇ ਸਨ । ਉਨ੍ਹਾਂ ਦੇ ਅੰਦਰ ਦੀ ਜੋਤ ਪੂਰੀ ਤਰ੍ਹਾਂ ਜਾਗ੍ਰਤ ਸੀ । ਸਭ ਦਾ ਵਿਸ਼ਵਾਸ ਸੀ—ਅਜੇ ਹੋਰ ਵੀ ਮੁਲਾਕਾਤਾਂ ਹੋਣਗੀਆਂ ਪਰ ਭਗਤ ਸਿੰਘ ਦਾ ਵਿਸ਼ਵਾਸ ਸੀ ਕਿ ਇਹ ਆਖ਼ਰੀ ਮੁਲਾਕਾਤ ਹੈ । ਉਨ੍ਹਾਂ ਨੇ ਆਪਣੀ ਮਾਤਾ ਜੀ ਨੂੰ ਕਿਹਾ" ਬੇਬੇ ਜੀ ਦਾਦਾ ਜੀ ਹੁਣ ਬਹੁਤੇ ਦਿਨ ਨਹੀਂ ਜਿਊਣਗੇ । ਆਪ ਬੰਗਾ ਜਾ ਕੇ ਇਨ੍ਹਾਂ ਦੇ ਪਾਸ ਹੀ ਰਹਿਣਾ । ਸਭ ਨਾਲ ਉਨ੍ਹਾਂ ਨੇ ਵੱਖ ਵੱਖ ਗੱਲਾਂ ਕੀਤੀਆਂ ਸਭ ਨੂੰ ਧੀਰਜ ਦਿੱਤਾ, ਤਸੱਲੀ ਦਿੱਤੀ । ਅਖੀਰ ਵਿਚ ਬੇਬੇ ਜੀ ਨੂੰ ਕੋਲ ਬੁਲਾਕੇ ਪੂਰੀ ਮਸਤੀ ਭਰੀ ਆਵਾਜ਼ ਵਿਚ ਕਿਹਾ" ਲਾਸ਼ ਲੈਣ ਆਪ ਨਾ ਆਉਣਾ । ਕੁਲਬੀਰ ਨੂੰ ਭੇਜ ਦੇਣਾ । ਕਿਤੇ ਆਪ ਰੋ ਪਏ ਤਾਂ ਲੋਕ ਕਹਿਣਗੇ ਭਗਤ ਸਿੰਘ ਦੀ ਮਾਂ ਰੋ ਰਹੀ ਹੈ । ਇੰਨਾ ਕਹਿਕੇ ਉਹ ਇੰਨੇ ਜ਼ੋਰ ਨਾਲ ਹੱਸੇ ਕਿ ਜੇਲ-ਅਧਿਕਾਰੀ ਉਨ੍ਹਾਂ ਨੂੰ ਵੇਖਦੇ ਹੀ ਰਹਿ ਗਏ । ਸੱਚਦੀ ਹੈ ਇਹ ਹਾਸੀ ਉਨ੍ਹਾਂ ਦੇ ਪਰਵਿਾਰਕ ਜੀਵਨ ਗ੍ਰੰਥ ਦਾ ਮੰਗਲਾਚਰਣ ਸੀ, ਅੰਤਮ ਪਾਠ ਸੀ । ਉਨ੍ਹਾਂ ਨੇ ਜੀਵਨ ਵਿਚ ਹਰ ਪਲ ਸਮਾਜ ਤੇ ਹਾਸਾ ਖਿਲਾਰਿਆ ਅਤੇ ਹਾਲਾਤ ਦੇ ਹੰਝੂਆਂ ਨੂੰ ਹਾਸੇ ਵਿਚ ਬਦਲਣ ਲਈ ਆਪਣੇ ਖ਼ੂਨ ਦੀ ਇਕ ਇਕ ਬੂੰਦ ਨਿਛਾਵਰ ਕਰ ਦਿੱਤੀ । ਹੁਣ ਸਮਾਜ ਅਤੇ ਰਾਸ਼ਟਰ ਉਨ੍ਹਾਂ ਦੀ ਯਾਦਾਂ ਤੇ ਮਹਿਕਦੇ ਫੁੱਲ ਬਰਸਾ ਰਿਹਾ ਹੈ ।

ਸਭ ਮਿਲ ਕੇ ਮੁੜ ਆਏ । ਭਗਤ ਸਿੰਘ ਨੇ ਉਸੇ ਦਿਨ ਆਪਣੇ ਛੋਟੇ ਭਾਈ ਕੁਲਬੀਰ ਸਿੰਘ ਨੂੰ ਚਿਠੀ ਲਿਖੀ । ਅਤੇ ਫਿਰ ਉਨ੍ਹਾਂ ਤੋਂ ਛੋਟੇ ਭਰਾ (ਇਸ ਸਮੇਂ ਉਮਰ ੧੨ ਸਾਲ) ਕੁਲਤਾਰ ਸਿੰਘ ਨੂੰ ਇਹ ਚਿਠੀ ਲਿਖੀ :

ਸੈਂਟਰਲ ਜੇਲ, ਲਾਹੌਰ
੩ ਮਾਰਚ ੧੯੩੧

ਅਜ਼ੀਜ਼ ਕੁਲਤਾਰ,

ਅੱਜ ਤੇਰੀਆਂ ਅੱਖਾਂ ਵਿਚ ਹੰਝੂ ਵੇਖਕੇ ਬਹੁਤ ਦੁਖ ਹੋਇਆ । ਅੱਜ ਤੇਰੀਆਂ ਗੱਲਾਂ ਵਿਚ ਬਹੁਤ ਪੀੜ ਸੀ, ਤੇਰੇ ਹੰਝੂ ਮੈਥੋਂ ਸਹੇ ਨਹੀਂ ਜਾਂਦੇ । ਬਰਖ਼ੁਰਦਾਰ ਹੌਸਲੇ ਨਾਲ ਪੜ੍ਹਾਈ ਕਰੀ ਜਾਣਾ ਅਤੇ ਸਿਹਤ ਦਾ ਖ਼ਿਆਲ ਰਖਣਾ । ਹੌਸਲਾ ਹੋਰ ਕੀ ਕਹਾਂ—

ਉਸੇ ਫ਼ਿਕਰ ਹੈ ਹਰਦਮ ਨਯਾ ਤਰਜ਼ੇ ਜਫ਼ਾ ਕਿਆ ਹੈ
ਹਮੇਂ ਯੇਹ ਸ਼ੌਕ ਹੈ ਦੇਖੇਂ ਸਿਤਮ ਕੀ ਇੰਤਹਾ ਕਿਆ ਹੈ
ਦਹਿਰ ਸੇ ਕਿਉਂ ਖ਼ਫ਼ਾ ਰਹੇਂ, ਚਰਖ਼ ਕਾ ਕਿਉਂ ਗਿਲਾ ਕਰੇਂ,
ਸਾਰਾ ਜਹਾਂ ਅਦੂ ਸਹੀ, ਆਓ ਮੁਕਾਬਲਾ ਕਰੇਂ ।
ਕੋਈ ਦਮ ਕਾ ਮਹਿਮਾਂ ਹੂੰ, ਐ ਅਹਿਲੇ ਮਹਿਫ਼ਲ
ਚਰਾਗ਼ੇ ਸਹਰ ਹੂੰ, ਬੁਝਾ ਚਾਹਤਾ ਹੂੰ
ਮੇਰੀ ਹਵਾ ਮੇਂ ਰਹੇਗੀ ਖ਼ਿਆਲ ਕੀ ਬਿਜਲੀ,
ਯਹ ਮੁਸ਼ਤੇ ਖ਼ਾਕ ਹੈ ਫ਼ਾਨੀ ਰਹੇ, ਨ ਰਹੇ ।
ਅੱਛਾ ਰੁਖ਼ਸਤ ! ਖ਼ੁਸ਼ ਰਹੋ ਅਹਿਲੇ ਵਤਨ ਹਮ ਤੋ
ਸਫ਼ਰ ਕਰਤੇ ਹੈਂ । ਹੌਸਲੇ ਨਾਲ ਰਹਿਣਾ ।

ਨਮਸਤੇ —ਤੇਰਾ ਭਰਾ ਭਗਤ ਸਿੰਘ

ਭਗਤ ਸਿੰਘ ਦੇ ਜੀਵਨ ਦੀ ਇਹੀ ਨਿਜੀ ਅੰਤਮ ਚਿਠੀ ਸੀ ਜੋ ਉਨ੍ਹਾਂ ਦੀ ਸੂਰਬੀਰਤਾ ਦੀ ਪ੍ਰਤੀਕ ਹੈ ਅਤੇ ਇਨਸਾਨੀਅਤ ਦੀ ਵੀ । ਜਿਸ ਦੁਆਰਾ ਉਹ ਆਪਣੇ ਰਾਸ਼ਟਰ ਦੀ ਜਨਤਾ ਨੂੰ ਆਪਣਾ ਸੁਨੇਹਾ ਵੀ ਦੇ ਗਏ ਅਤੇ ਸ਼ੁਭ ਕਾਮਨਾਵਾਂ ਵੀ । ਸੁਨੇਹਾ ਸੀ "ਸਾਰਾ ਜਹਾਂ ਅਦੂ ਸਹੀ, ਆਓ ਮੁਕਾਬਲਾ ਕਰੇਂ" ਅਤੇ ਸ਼ੁਭ ਕਾਮਨਾ ਸੀ, "ਖ਼ੁਸ਼ ਰਹੋ ਅਹਿਲੇ ਵਤਨ ਹਮ ਤੋ ਸਫ਼ਰ ਕਰਤੇ ਹੈਂ ।" *



Sri Satguru Jagjit Singh Ji eLibrary NamdhariElibrary@gmail.com

# ਜਿੰਦ ਕੁੜੀ

—ਜਸਵੰਤ ਸਿੰਘ ਰਾਹੀ—

ਜਿੰਦ ਕੁੜੀਏ !
ਕੋਈ ਘਰ ਦਾ ਕੰਮ ਵੀ ਕਰਿਆ ਕਰ ।
ਬਾਪ ਦੀ ਨੀਂਦੇ ਸਾਰੇ ਮਰਦੇ
ਦਿਨੇ ਜਾਗ ਕੇ ਮਰਿਆ ਕਰ । ਜਿੰਦ ਕੁੜੀਏ......

ਪੇਕੇ ਤੈਨੂੰ ਯਾਦ ਨਹੀਂ ਰਹਿਣੇ
ਸਾਵਰਿਆਂ ਦਾ ਸ਼ਾਂ ਨਹੀਂ ਮਿੱਥਿਆ ।
ਗੁਜ਼ਰ ਰਿਆਂ ਦੇ ਨਾਲ ਗੁਜ਼ਰਦੀ
ਸਾਰੀ ਝੂਠੀ ਸੱਚੀ ਵਿੱਥਿਆ ।
ਹਾਲਣ ਦੇ ਵਿਚ ਕਾਰ ਕਮਾ ਲੈ
ਅੱਗੇ ਤਾਂ ਹੈ ਘੁੱਪ ਹਨੇਰਾ,
ਅਪਣਾ ਮਾਣ ਵਧਾ ਲੈ ਅੜੀਏ
ਸਿਰ ਪਏਆਂ ਸੋ ਜਰਿਆ ਕਰ । ਜਿੰਦ ਕੁੜੀਏ......

ਘਰ ਦੇ ਕੰਮਾਂ ਦੇ ਵਿਚੋਂ ਤੋਰੀਆਂ
ਕਿਰਦੀਆਂ ਗਹਿਣ ਕੀਆਂ ਕਈ ਯਾਦਾਂ ।
ਜਦੋਂ ਡੋਲੀ ਚੁੱਕ ਲਈ ਕਹਾਰਾਂ
ਭਸਮ ਹੋਈਆਂ ਸੱਭ ਫਰਿਆਦਾਂ ।
ਮਾਪਿਆਂ ਦੇ ਘਿੱਰ ਨੇ ਮਾਪੇ
ਕੋਈ ਸੁਨੇਹਾ ਕਦੇ ਨਾ ਆਇਆ,
ਤੰਨ ਸਾਰੇ ਨੂੰ ਦੇਸ ਬਣਾ ਲੈ
ਦਰਦੀ ਦੇਸ ਤੋਂ ਤਰਿਆ ਕਰ । ਜਿੰਦ ਕੁੜੀਏ......

ਭੋਲੀਏ ਘਰ ਦੇ ਲਾਡ ਨੇ ਜਿੰਨੇ
ਇਹੋ ਦਿੰਦੇ ਆਏ ਵਿਛੋੜਾ ।
ਚੰਦੀਆਂ ਹੁੰਦੀਆਂ ਕਦੇ ਨਾ ਮੁੜੀਆਂ
ਲੱਖ ਭਾਵੇਂ ਕੋਈ ਤਾਰੇ ਤੋੜੇ ।
ਜੋ ਵੀ ਦਿਸਦਾ ਇਹ ਨਹੀਂ ਦਿਸਣਾ
ਤੂੰ ਕਰਨੀ ਨੂੰ ਜੋੜੀਆਂ ਪਾ ਲੈ,
ਜੇਕਰ ਉਮਰ ਨੂੰ ਜੇਰੂ ਰੱਖਣਾ
ਸੱਚ ਦੀ ਹਾਮੀ ਭਰਿਆ ਕਰ । ਜਿੰਦ ਕੁੜੀਏ......

ਜਿਹੜੀਆਂ ਕੁੜੀਆਂ ਜੋਬਨ ਮੱਤੀਆਂ
ਸ਼ੀਸ਼ੇ ਵਿਚ ਹੰਕਾਰੀਆਂ ਰਹੀਆਂ ।
ਉਹ ਸ਼ੀਸ਼ੇ ਤੋਂ ਬਾਹਰ ਆਣ ਕੇ
ਲੋਕਾਂ ਵਿਚ ਪਤਾਲੀਆਂ ਕਹੀਆਂ ।
ਹੁਸਨ ਜਵਾਨੀ ਤੇ ਇਹ ਮਾਪੇ
ਕਦੇ ਕਿਸੇ ਲਈ ਟਿਕ ਨਹੀਂ ਬਹਿੰਦੇ,
ਉਂਗਲੀ ਦੇ ਨਾਲ ਅੰਬਰ ਛੂਹ ਲੈ
ਪਰ ਮਿੱਟੀ ਤੋਂ ਹਰਿਆ ਕਰ । ਜਿੰਦ ਕੁੜੀਏ......

ਹੋਰ ਘਰਾਂ ਸੰਗ ਕਰਿੰਗੜੀ ਪਾ ਕੇ
ਤੇਰਾ ਘਰ ਹੈ ਘੱਸਦਾ ਰਹਿੰਦਾ ।
ਸੂਰਜ ਪਿਤਾ ਇਹਦਾ ਚੰਨ ਪੁਤਰ
ਇਸ ਨੂੰ ਗੱਲਾਂ ਖਰੀਆਂ ਕਹਿੰਦਾ ।
ਇਸ ਘਰ ਦੇ ਵਿਚ ਘਰ ਦੇ ਵੈਰੀ
ਇਸ ਘਰ ਦੇ ਵਿਚ ਘਰ ਦੇ ਸੱਜਣ,
ਇਸ ਘਰ ਦੇ ਉੱਡ ਜਾਣਗੇ ਪੂਏਂ
ਸੀਸ ਤਲੀ ਤੇ ਧਰਿਆ ਕਰ । ਜਿੰਦ ਕੁੜੀਏ......

### ਰੁਬਾਈ

ਰੱਖੜ-ਪੁੰਨਿਆਂ ਆਈ ਭੈਣ ਦੀਆਂ
ਖੁਸ਼ੀਆਂ ਦੇ ਵਿਚ ਲੱਦੀ ।
ਹਰ ਇਕ ਸਾਲ ਇਹ ਨਵੀਂ ਨਰੋਈ
ਕਦੇ ਨਾ ਹੁੰਦੀ ਖੱਦੀ ।
ਸਾਰੀ ਉਮਰ ਹੈ ਜਿਸ ਨੇ ਮੇਰੀ
ਸੱਜਣਾਂ ਰੱਖਿਆ ਕੀਤੀ,
ਮੈਂ ਅੱਜ ਆਪਣੀ ਕਲਮ ਗਾਨੀ ਹੋ
ਲੋਕ ਨੂੰ ਰੱਖੜੀ ਬੱਧੀ ।



Sri Satguru Jagjit Singh Ji eLibrary NamdhariElibrary@gmail.com

ਗੁਜਰਾਤੀ ਕਹਾਣੀ

# ਇੱਟਾਂ ਦੇ ਸਤ ਰੰਗ

—ਮਧੂ ਰਾਏ

ਪੰਜਾਬੀ ਰੂਪ—**ਹਰਧੀਰ ਸਿੰਘ ਬੇਦੀ**

ਹਰੀਆ ਪੜ੍ਹਨ ਵਿਚ ਢਿਲੜ ਸੀ ਤੇ ਉਸ ਦੀ ਮਾਂ ਉਸ ਨੂੰ ਰੋਜ਼ ਆਖਿਆ ਕਰਦੀ ਸੀ, ਨਾਸ ਪਿਟਿਆ ਪੜ੍ਹ ਪੜ੍ਹ, ਕੁਝ ਕੰਮ ਧੰਦਾ ਕਰ। ਤਾਂ ਇਕ ਦਿਨ ਹਰੀਆ ਅਹਿਮਦਾਬਾਦ ਪਹੁੰਚ ਗਿਆ।

ਅਹਿਮਦਾਬਾਦ, ਅਹਿਮਦਾਬਾਦ ਉਸ ਬਹੁਤ ਸੁਣ ਰਖਿਆ ਸੀ ਤੇ ਉਸ ਦੇ ਪਿੰਡ ਦੇ ਲੋਕ ਸਾਰਾ ਸਬਜ਼ੀ ਵੇਚਣ ਜਾਇਆ ਕਰਦੇ ਸਨ। ਇਹ ਵੀ ਉਸ ਨੂੰ ਪਤਾ ਸੀ। ਹਰੀਆ ਇਕ ਦਮ ਗੁਆਰ ਨਹੀਂ ਸੀ।

ਅਹਿਮਦਾਬਾਦ ਵਿਚ ਕੰਮ ਮਿਲ ਜਾਵੇਗਾ, ਇਹ ਖ਼ਿਆਲ ਸੀ ਹਰੀਏ ਦਾ। ਤੇ ਕੰਮ ਲਭਦਾ-ਲਭਦਾ ਇਕ ਦਿਨ ਉਹ ਇਕ ਮੁੰਡੇ ਨਾਲ ਬਸ ਦੀ ਲਾਈਨ ਵਿਚ ਖੜਾ ਹੋ ਗਿਆ। ਮੁੰਡੇ ਨੇ ਕੰਡਕਟਰ ਨੂੰ ਕਿਹਾ: 'ਇਕ ਸਟੂਡੈਂਟ ਕੰਸੈਸ਼ਨ।' ਤੇ ਹਰੀਏ ਨੇ ਕਿਹਾ, "ਇਕ ਸਟੂਡੈਂਟ ਕੰਸੈਸ਼ਨ।" ਕੰਡਕਟਰ ਨੇ ਕੰਸੈਸ਼ਨ ਦਾ ਕਾਗਜ਼ ਮੰਗਿਆ, ਜਿਹੜਾ ਹਰੀਏ ਪਾਸ ਨਹੀਂ ਸੀ ਤੇ ਕੰਡਕਟਰ ਨੇ ਕਿਹਾ, "ਓਏ ਤੂੰ ਪੜ੍ਹਦਾ ਨਹੀਂ ?"

ਹਰੀਆ ਬੱਸ ਵਿਚ ਬੈਠਾ ਤਦੋਂ ਤੋਂ ਇਕ ਆਦਮੀ ਉਸ ਨੂੰ ਵੇਖ ਰਿਹਾ ਸੀ। ਹਰੀਏ ਨੂੰ ਲਗਿਆ ਪਈ ਇਹ ਆਦਮੀ ਉਸ ਨੂੰ ਕੰਮ ਦੇਵੇਗਾ। ਆਦਮੀ ਨੇ ਹਰੀਏ ਨੂੰ ਪੁਛਿਆ, "ਲੜਕੇ, ਕੰਮ ਚਾਹੀਦੈ ?" ਹਰੀਏ ਨੇ ਹਾਂ ਕਰ ਦਿੱਤੀ। ਆਦਮੀ ਨੇ ਉਸ ਨੂੰ ਉਤਰਨ ਸਮੇਂ ਅਪਣੇ ਨਾਲ ਲਿਆ ਤੇ ਆਪਣੇ ਘਰ ਲੈ ਗਿਆ। ਆਦਮੀ ਨੇ ਮੁੰਡੇ ਨੂੰ ਪੁਛਿਆ: ਮੁੰਡਿਆ! ਤੇਰਾ ਨਾਂ ਕੀ ਏ ?" ਤਾਂ ਹਰੀਏ ਨੇ ਉਤਰ ਦਿੱਤਾ, 'ਹਰੀਆ।' ਆਦਮੀ ਨੇ ਕਿਹਾ, "ਮੇਰਾ ਨਾਂ ਧੀਮਜੀ ਭਾਈ ਹੈ।" ਆਦਮੀ ਨੇ ਪੁਛਿਆ, "ਲੜਕੇ ਤੂੰ ਰਹਿੰਦਾ ਕਿਥੇ ਏਂ ?" ਹਰੀਏ ਨੇ ਕਿਹਾ।

"ਮਾਮੇ ਦੇ ਘਰ, ਗਲੀ ਦੇ...।" ਆਦਮੀ ਨੇ ਕਿਹਾ, "ਕੰਮ ਬਹੁਤਾ ਔਖਾ ਨਹੀਂ, ਤੈਨੂੰ ਗਿਣਨਾ ਆਉਂਦਾ ਏ ?" ਹਰੀਏ ਨੇ ਕਿਹਾ, "ਸੱਤਰ ਤੀਕ ਆਉਂਦੇ।" ਆਦਮੀ ਬਹੁਤ ਹੀ ਖੁਸ਼ ਹੋ ਗਿਆ।

ਆਦਮੀ ਨੇ ਹਰੀਏ ਨੂੰ ਕਿਹਾ, "ਵੇਖ, ਤੁਹਾਡੇ ਮਹੱਲੇ ਵਿਚ, ਤੁਹਾਡੇ ਗੁਆਂਢੀ ਦਾ ਘਰ ਏ, ਉਸ ਵਿਚ ਕਿਤਨੀਆਂ ਇੱਟਾਂ ਹਨ। ਉਹ ਗਿਣਕੇ ਆਓ। ਇਹ ਵੀ ਤੁਹਾਡਾ ਕੰਮ ਏ। ਅਸੀਂ ਤੈਨੂੰ ਖਾਣਾ ਪਾਣੀ ਦਿਆਂਗੇ, ਕਪੜੇ ਦਿਆਂਗੇ ਤੇ ਤੇਰੀ ਹਰ ਗੱਲ ਦਾ ਖਿਆਲ ਰਖਾਂਗੇ।" ਹਰੀਏ ਨੇ ਕਿਹਾ, "ਕੀ" ? ਆਦਮੀ ਨੇ ਕਿਹਾ, "ਸਾਡੇ ਇਕ ਕਰੋੜ'ਚ ਸਾਹਿਬ ਹਨ, ਉਹਨਾਂ ਨੂੰ ਪੈਸਿਆਂ ਦੀ ਕਮੀ ਨਹੀਂ। ਉਹ ਅਜਿਹਾ ਮੰਨਦੇ ਹਨ ਕਿ ਪੂਰੀ ਦੁਨੀਆ ਵਿਚ ਜਿਤਨੀਆਂ ਇੱਟਾਂ ਹਨ, ਜੇ ਉਹ ਸਾਰੀਆਂ ਗਿਣ ਲਈਆਂ ਜਾਣ ਤਾਂ ਸੰਸਾਰ ਦੀਆਂ ਸਾਰੀਆਂ ਮੁਸ਼ਕਲਾਂ ਦਾ ਹਲ ਲਭ ਪਵੇਗਾ।"

ਹਰੀਏ ਨੇ ਕਿਹਾ, "ਆਪਣੇ ਗੁਆਂਢ ਦੇ ਸਾਰੇ ਮਕਾਨਾਂ ਦੀਆਂ ਇੱਟਾਂ ਮੈਂ ਗਿਣ ਦਿਆਂਗਾ।" ਆਦਮੀ ਨੇ ਉਸ ਨੂੰ ਇਕ ਫ਼ਾਰਮ ਦਿੱਤਾ, ਜਿਸ ਵਿਚ ਇੱਟਾਂ ਬਾਰੇ ਸਾਰੀ ਜਾਣਕਾਰੀ ਭਰਨੀ ਸੀ।

ਹਰੀਆ ਦੂਜੇ ਦਿਨ ਹੀ ਉਤਸ਼ਾਹ ਨਾਲ ਭਰਿਆ ਕੰਮ ਵਿਚ ਲੱਗ ਗਿਆ। ਗੁਆਂਢ ਦੇ ਘਰ ਵਿਚ ਇਕ ਮਾਂ-ਧੀ ਰਹਿੰਦੀ ਸੀ। ਘਰ ਬਹੁਤਾ ਵੱਡਾ ਨਹੀਂ ਸੀ। ਹਰੀਏ ਨੂੰ ਲਗਿਆ, ਬਸ ਇਕ ਦਿਨ ਲਗੇਗਾ। ਥੋੜ੍ਹ-ਸਾਰੀਆਂ ਤੋਂ ਬਰੋਰ ਵਾਲੀ ਕੰਧ ਤੋਂ ਉਸ ਨੇ ਸ਼ੁਰੂ ਕੀਤਾ ਤੇ ਲਗਿਆ ਫ਼ਾਰਮ ਵਿਚ ਲਿਖਣ। ਫ਼ਾਰਮ ਵਿਚ ਘਰ ਦੇ ਆਦਮੀਆਂ ਦੀ ਜਾਣਕਾਰੀ ਵੀ ਲਿਖਣੀ ਸੀ। ਇਕ ਮਾਂ, ਇਕ ਧੀ, ਇਕ ਵਿਆਹੇ ਪੁੱਤਰ ਨੂੰਹ ਸਨ। ਜਿਨ੍ਹਾਂ ਦੇ ਧਰਤੀ-ਸੂਰਜ ਦੇ ਕਲੋਲ ਨਾਲ ਜ਼ਮੀਨ-ਅਸਮਾਨ ਉਪਰ ਹੇਠਾਂ ਹੁੰਦਾ ਰਹਿੰਦਾ ਸੀ। ਉਹ ਇਕ ਅਜਿਹਾ ਘਰ ਸੀ ਜਿਹੜਾ ਹਮੇਸ਼ਾ ਬੰਦ ਰਹਿੰਦਾ ਸੀ। ਇਕ ਕੰਧ ਵਿਚ ਅਧੀਆਂ ਇੱਟਾਂ ਸਨ। ਦੀਵਾਰ ਵਿਚੋਂ ਟੁੱਟੀ ਹੋਈ ਸੀ ਤੇ ਇਕ ਇੱਟ ਟੁੱਟੀ ਸੀ ਜਿਹੜੀ ਪੂਰੀ ਵੀ ਨਹੀਂ ਸੀ, ਅੱਧੀ ਵੀ ਨਹੀਂ ਸੀ।

ਦੂਜੇ ਦਿਨ ਹਰੀਏ ਨੇ ਆਦਮੀ ਨਾਲ ਗੱਲ ਕੀਤੀ। ਆਦਮੀ ਨੇ ਉਸ ਨੂੰ ਇਸ ਲਈ ਦੂਜਾ ਫ਼ਾਰਮ ਦਿੱਤਾ। ਬੰਦ ਰਹਿਣ ਵਾਲੇ ਘਰਾਂ ਲਈ, ਅਧੀਆਂ ਇੱਟਾਂ ਲਈ।

ਇਕ ਚੁਬਚਾ ਸੀ। ਇਕ ਤੁਲਸੀ ਲਈ ਬਣਾਇਆ



Sri Satguru Jagjit Singh Ji eLibrary NamdhariElibrary@gmail.com

ਚੋਰਾ ਸੀ। ਇਹਨਾਂ ਸੱਭ ਵਿਚ ਇੱਟਾਂ ਦੀ ਵਰਤੋਂ ਕੀਤੀ ਗਈ ਸੀ। ਕੁਝ ਹੀ ਦਿਨ ਵਿਚ ਕੁੜੀ ਦਾ ਵਿਆਹ ਹੋਣ ਵਾਲਾ ਸੀ। ਇਕ ਚੌਤਰਾ ਨਵਾਂ ਬਣ ਰਿਹਾ ਸੀ। ਹਰੀਆ ਇਹਨਾਂ ਸਾਰਿਆਂ ਲਈ ਨਵਾਂ ਫਾਰਮ ਲੈ ਆਇਆ।

ਹੌਲੇ-ਹੌਲੇ ਹਰੀਏ ਨੂੰ ਖ਼ਿਆਲ ਆਇਆ ਕਿ ਸਾਰੀਆਂ ਇੱਟਾਂ ਇਕ ਹੀ ਛਾਪ ਦੀਆਂ ਨਹੀਂ ਹਨ। ਉਸ ਸੋਚਿਆ ਕਿ ਵੱਖ-ਵੱਖ ਛਾਪ ਦੀਆਂ ਇੱਟਾਂ ਕਦ ਆਈਆਂ ਹੋਣਗੀਆਂ। ਉਹ ਇਸ ਲਈ ਵੀ ਫਾਰਮ ਲੈ ਆਇਆ ਤੇ ਉਸ ਵਿਚ ਜਾਣਕਾਰੀ ਭਰੀ। ਘਰ ਦਾ ਅੱਧਾ ਹਿੱਸਾ ਤਦ ਬਣਿਆ ਸੀ, ਜਦ ਪੁੱਤਰ ਦਾ ਪਿਉ ਜੀਉਂਦਾ ਸੀ ਤੇ ਬਾਕੀ ਦਾ ਹਿੱਸਾ ਪੁੱਤਰ ਨੇ ਡਿਪੂ ਵਿਚ ਕੰਮ ਕਰਦਿਆਂ-ਕਰਦਿਆਂ ਪੈਸਾ ਬਚਾ ਕੇ ਬਣਾਇਆ ਸੀ ਤੇ ਆਖ਼ਰ ਵਿਚ ਜਦ ਮੁੰਡੇ ਦੇ ਵਿਆਹ ਦਾ ਪੈਸਾ ਆਇਆ, ਉਸ ਨਾਲ ਬਾਕੀ ਦਾ ਰਹਿੰਦਾ ਖੂੰਹਦਾ ਕੰਮ ਕਰਵਾ ਲਿਆ ਗਿਆ। ਘਰ ਦੀ ਛਤਰੀ ਪੁਰਾਣੀ ਸੀ, ਨਵੇਂ ਸਿਰ ਤੋਂ ਇੱਟਾਂ ਲਗੀਆਂ, ਪਲਸਤਰ ਹੋਇਆ। ਹਰੀਏ ਨੂੰ ਲਿਖਿਆ ਪਈ ਵਿਹੜੇ ਵਿਚ ਲਗੀਆਂ ਇੱਟਾਂ ਗਿਣੀਆਂ ਜਾਣਗੀਆਂ ਜਾਂ ਨਹੀਂ। ਗਿਣੀਆਂ ਗਈਆਂ। ਉਸ ਲਈ ਵਖਰਾ ਫਾਰਮ ਸੀ। ਉਹ ਲਿਆ ਕੇ ਉਸ ਭਰ ਦਿੱਤਾ।

ਆਦਮੀ ਨੇ ਹਰੀਏ ਦੀ ਸੂਝਬੂਝ ਦੀ ਹੌਲੇ ਜਹੇ ਹੱਸ ਕੇ ਪ੍ਰਸੰਸਾ ਕੀਤੀ ਸੀ ਤੇ ਹਰੀਏ ਨੇ ਕਿਹਾ ਸੀ: 'ਨਹੀਂ, ਨਹੀਂ; ਮੈਨੂੰ ਵੀ ਮਜ਼ਾ ਆਉਂਦੈ।'

ਮੁੰਡੇ ਸ਼ਨੀ-ਸੂਰਜ ਘਰ ਆਉਂਦੇ ਸਨ ਤਾਂ ਹੱਥ ਨਾਲ ਹਜਾਮਤ ਬਣਾਂਦੇ। ਸ਼ੀਸ਼ਾ ਰਖਣ ਦੀ ਇਕ ਇੱਟ ਵਰਤਦੇ ਸਨ, ਤਾਕਿ ਉਹਨਾਂ ਦਾ ਮੂੰਹ ਠੀਕ-ਠੀਕ ਵਿਖਾਈ ਦੇ ਸਕੇ। ਇਕ ਮੰਜੀ ਡਗਮਗਾਂਦੀ ਸੀ, ਜਿਸ ਲਈ ਉਸ ਦੇ ਇਕ ਪਾਵੇ ਹੇਠਾਂ ਇਕ ਇੱਟ ਰਖੀ ਗਈ ਸੀ। ਦੁਨੀਆ ਦੀਆਂ ਸਾਰੀਆਂ ਇੱਟਾਂ ਗਿਣਨੀਆਂ ਸੀ, ਹਰੀਆ ਗਿਣਦਾ ਸੀ।

ਘਰ ਦੀ ਸੱਜੀ ਦੀਵਾਰ ਉਪਰ ਇਕ ਕੈਲੰਡਰ ਸੀ ਤੇ ਉਸ ਹੇਠਾਂ ਉਖੜੀ ਹੋਈ ਦੀਵਾਰ ਸੀ। ਹੇਠਾਂ ਇੱਟ ਦੀ ਥਾਂ ਕੱਟੇ ਭਰੇ ਗਏ ਸਨ। ਇਕ ਦੀਵਾਰ ਦੀ ਇਕ ਇੱਟ ਬੁਰੀ ਤਰ੍ਹਾਂ ਘਸੀ ਹੋਈ ਸੀ, ਕਿਉਂਕਿ ਉਹਦੇ ਸ਼ੀਸ਼ਾ ਰੱਖਿਆ ਸੀ ਤੇ ਵਾਰ-ਵਾਰ ਉਹਦੇ ਹੱਥ ਘਸ ਜਾਂਦਾ ਸੀ। ਹਰੀਆ ਇਸ ਲਈ ਦੂਜਾ ਫਾਰਮ ਲੈ ਆਇਆ।

ਘਰ ਵਿਚ ਕਦੇ-ਕਦੇ ਕਿਸੇ ਚੀਜ਼ ਨੂੰ ਗਰਮ ਕਰਨ ਲਈ ਦੋ ਇੱਟਾਂ ਦਾ ਚੁਲ੍ਹਾ ਬਣਾਇਆ ਗਿਆ ਸੀ, ਕੋਇਲਾ ਤੋੜਨ ਲਈ ਮਾਂ-ਧੀ ਇਕ ਇੱਟ ਵਰਤਦੀਆਂ ਸਨ। ਘਰ ਵਿਚ ਇਕ ਓਖਲੀ ਸੀ, ਜਿਸ ਨੂੰ ਜ਼ਮੀਨ ਦੀਆਂ ਇੱਟਾਂ ਹਟਾ ਕੇ ਬਣਾਇਆ ਗਿਆ ਸੀ। ਇਸ ਲਈ ਕੁਝ ਇੱਟਾਂ ਗੋਲਾਕਾਰ ਬਣੀਆਂ ਹੋਈਆਂ ਸਨ। ਹਰੀਆ ਹੌਲੀ ਹੀ ਕੁਝ ਨਵੀਂ ਜਾਣਕਾਰੀ ਹਾਸਿਲ ਕਰਦਾ ਅਤੇ ਨਵੀਆਂ ਗੱਲਾਂ ਨੂੰ ਦਰਜ ਕਰਨ ਲਈ ਨਵਾਂ ਫਾਰਮ ਲੈ ਆਉਂਦਾ ਸੀ।

ਗੁਆਂਢ ਦੇ ਉਸ ਘਰ ਦਾ ਕੰਮ ਅਜੇ ਵੀ ਅਧੂਰਾ ਸੀ ਕਿ ਕੁੜੀ ਦਾ ਵਿਆਹ ਆ ਗਿਆ। ਚੌਂਕੀ ਬਣੀ, ਹਵਨ ਆਦਿ ਲਈ ਅਗਨੀ-ਕੁੰਡ ਪੁੱਟਿਆ, ਉਸ ਵਿਚ ਇੱਟਾਂ ਲਗੀਆਂ। ਘਰ ਦਾ ਬਰਾਮਦਾ ਨਵਾਂ ਬਣਿਆ, ਬਾਰੀ ਸਾਵੇਂ ਆਦ ਬਣਾਇਆ ਗਿਆ, ਉਹਥੋਂ ਇੱਟਾਂ ਕੱਢ ਲਈਆਂ ਗਈਆਂ, ਕੈਲੰਡਰ ਹੇਠਾਂ ਪੂਰੀ ਇੱਟ ਰੱਖ ਦਿਤੀ ਗਈ। ਘਰ ਦੀਆਂ ਪੌੜੀਆਂ ਖ਼ਤਮ ਹੋਣ ਵਾਲੀ ਥਾਂ ਤੇ ਛੋਟੀ ਜਹੀ ਚੌਂਕੀ ਬਣਾਈ ਗਈ। ਪੌੜੀਆਂ ਲਕੜੀ ਦੀਆਂ ਸਨ। ਉਹਨਾਂ ਦੀ ਥਾਂ ਇੱਟਾਂ ਦੀਆਂ ਬਣੀਆਂ। ਬਰਾਂਡੇ, ਬਾਰੀ ਦੇ ਆਰ, ਰੋਸ਼ਨਦਾਨ ਹੇਠਾਂ ਕੀਤੇ ਗਏ ਨਕਾਸੀ ਦੇ ਕੰਮ ਨੂੰ ਹਰੀਆ ਲਕੜੀ ਦਾ ਸਮਝਦਾ ਸੀ, ਉਹ ਇੱਟਾਂ ਦਾ ਨਿਕਲਿਆ ਤੇ ਹਰੀਆ ਨਵੇਂ ਨਵੇਂ ਫਾਰਮ ਲਿਆਉਂਦਾ ਗਿਆ ਤੇ ਭਰਦਾ ਗਿਆ। ਕਿਹੜੀ ਇੱਟ ਕਿਥੇ ਲਗਾਈ ਗਈ, ਕਦ ਲਗਾਈ ਗਈ, ਕਿਸ ਵਰਤੋਂ ਵਿਚ ਹੈ, ਕਿਸ ਕਿਸੇ ਦੂਜੀ ਵਸਤੂ ਦੀ ਥਾਂ ਤੇ ਇੱਟਾਂ ਲਗਾਈਆਂ ਗਈਆਂ ਹਨ ਜਾਂ ਇੱਟਾਂ ਬਦਲੇ ਕਿਸੇ ਹੋਰ ਵਸਤੂ ਦੀ ਵਰਤੋਂ ਹੋਈ ਹੈ। ਤੇ ਫੇਰ ਇਕ ਦਿਨ ਹਰੀਏ ਨੂੰ ਖ਼ਿਆਲ ਆਇਆ ਕਿ ਸਾਡਾ ਕਿਤਨਾ ਲਿਖਣਾ ਪੂਰਾ ਹੋ ਗਿਆ ਹੈ। ਇਸ ਦੇ ਬਾਵਜੂਦ ਕੁਝ ਇੱਟਾਂ ਬਚ ਗਈਆਂ ਸਨ; ਜਿਨ੍ਹਾਂ ਦੀ ਵਰਤੋਂ ਵਿਹੜੇ ਵਿਚ ਬਣੇ ਮਹਾਂਦੇਵੀ ਦੇ ਛੋਟੇ ਜਹੇ ਮੰਦਰ ਵਿਚ ਕੀਤੀ ਗਈ ਸੀ। ਹਰੀਏ ਦੇ ਫਾਰਮਾਂ ਵਿਚ ਸਾਰੀ ਜਾਣਕਾਰੀ ਅਪ-ਟੂ-ਡੇਟ ਸੀ।

ਗਰਮੀ ਦੇ ਮੌਸਮ ਵਿਚ ਮਾਂ ਜੀ ਕਦੇ ਅੱਖਾਂ ਦੇ ਦੁਖਣ ਕਰ, ਉਹਨਾ ਨੂੰ ਲੂਣ ਵਾਲੇ ਪਾਣੀ ਵਿਚ ਗਿਲਾ ਨਰਮ ਕੱਪੜਾ ਉਪਰ ਇਕ ਸਾਫ਼ੀ ਵਜੋਂ ਜਾਂਦੇ ਪਾਸੇ ਇਕ ਇਕ ਇੱਟ ਰਖਦੀਆਂ, ਸਰਦੀਆਂ ਦੀ ਤੇਜ਼ ਹਵਾ ਵਿਚ ਬਾਰੀ ਦੇ ਸਟਾਪਰ ਟੁੱਟ ਜਾਣ ਕਰਕੇ ਇਕ ਇੱਟ ਬਾਰੀ ਨੂੰ ਰੋਕਣ ਲਈ ਰਖੀ ਗਈ ਸੀ। ਚਾਕੂ ਉਪਰ ਜੰਗ ਲੱਗ ਜਾਂਦਾ, ਜਿਸ ਲਈ ਉਸਦੀ ਧਾਰ ਤੇਜ਼ ਕਰਨ ਲਈ ਇਕ ਇੱਟ ਕੰਮ ਵਿਚ ਲਿਆਂਦੀ ਜਾਂਦੀ ਸੀ। ਇਸ ਸਭ ਦੀ ਜਾਣਕਾਰੀ ਲਈ



Sri Satguru Jagjit Singh Ji eLibrary NamdhariElibrary@gmail.com

ਹਰੀਆ ਰੋਜ਼ ਹੀ ਵੱਖ-ਵੱਖ ਫਾਰਮ ਲੈ ਆਉਂਦਾ ਤੇ ਭਰਦਾ।

ਕੋਈ ਘਰ ਘਾਸ ਆਫ਼ ਲਈ, ਕੋਈ ਫੁੱਲਾਂ ਦੀ ਕਿਆਰੀ ਲਈ ਜਾਂ ਕੂੜੇ ਨੂੰ ਮਾਰਨ ਲਈ ਇੱਟਾਂ ਦੀ ਵਰਤੋਂ ਕਰਦਾ। ਹਰੀਏ ਨੇ ਜਦ ਦੂਜਾ ਘਰ ਸ਼ੁਰੂ ਕੀਤਾ, ਤਦ ਉਸ ਪਾਸ ਸੱਤਰ ਤਰ੍ਹਾਂ ਦੇ ਫਾਰਮ ਹੋ ਗਏ ਸਨ। ਹੁਣ ਬਰਸਾਤ ਦਾ ਮੌਸਮ ਆ ਗਿਆ। ਤੇ ਹਰੀਏ ਨੂੰ ਖਿਆਲ ਆਇਆ ਕਿ ਭਰ ਗਏ ਪਾਣੀ ਨੂੰ ਲੰਘ ਕੇ ਘਰ ਵਿਚ ਜਾਣ ਲਈ ਇੱਟਾਂ ਦੀ ਵਰਤੋਂ ਕੀਤੀ ਜਾਂਦੀ ਹੈ। ਕਿਆਰੀਆਂ, ਖੂਹਾਂ, ਘਰ ਦੇ ਵਿਹੜਿਆਂ ਲਈ, ਬਾੜੇ ਲਈ ਵੀ ਇੱਟਾਂ ਕੰਮ ਵਿਚ ਲਿਆਂਦੀਆਂ ਜਾਂਦੀਆਂ ਹਨ। ਇਕ ਮੁੰਡੇ ਨੇ ਆਪਣੀਆਂ ਕਿਤਾਬਾਂ ਨੂੰ ਸਿਧਾ ਖੜਾ ਰਖਣ ਲਈ ਦੋ ਇੱਟਾਂ ਰਖੀਆਂ ਹੋਈਆਂ ਸਨ। ਜਿਸੇ ਕਮਰੇ ਅੰਦਰ ਟੇਬਲ ਉਪਰ ਇਕ ਇੱਟ ਰੰਗ ਕੇ ਰਖੀ ਹੋਈ ਸੀ। ਹਰੀਏ ਦੇ ਫਾਰਮ ਭਰਦੇ ਗਏ। ਕਿਹੜੀ ਇੱਟ ਕਿੱਥੇ ਕੰਮ ਵਿਚ ਲਿਆਂਦੀ ਜਾਂਦੀ ਹੈ, ਕੌਣ ਵਰਤੋਂ ਕਰਦਾ ਹੈ ਤੇ ਕਿਤਨੀ ਵਾਰ ਵਰਤਦਾ ਹੈ, ਇਹ ਸਭ ਉਹ ਲਿਖਦਾ ਰਿਹਾ ਸੀ।

ਫਰੈਂਚ ਸਾਹਿਬ ਨੂੰ ਪੈਸਿਆਂ ਦੀ ਥੁੜ ਨਹੀਂ ਸੀ। ਆਪਣੀ ਕਿਸਮਤ ਲਈ ਉਹਨਾਂ ਨੇ ਪਿੰਡ-ਪਿੰਡ ਆਦਮੀ ਲਗਾਏ ਹੋਏ ਸਨ। ਹਰੀਏ ਦਾ ਖਾਣਾ ਪੀਣਾ ਚਲ ਰਿਹਾ ਸੀ। ਇੱਟਾਂ ਗਿਣਨ ਦਾ ਕੰਮ ਕਾਫ਼ੀ ਲੰਮਾ ਸੀ ਤੇ ਮਜ਼ੇਦਾਰ ਵੀ ਸੀ। ਇੱਟਾਂ ਗਿਣਨ ਦਾ ਕੰਮ ਹਰੀਆ ਉਤਸ਼ਾਹ ਨਾਲ ਕਰਦਾ ਸੀ ਤੇ ਇਸ ਦੇ ਨਾਲ-ਨਾਲ ਹੀ ਵੱਡਾ ਵੀ ਹੁੰਦਾ ਰਿਹਾ। ਇੱਟਾਂ ਗਿਣਦਿਆਂ ਗਿਣਦਿਆਂ ਹਰੀਏ ਦਾ ਵਿਆਹ ਹੋ ਗਿਆ ਤੇ ਹੁਣ ਉਹ ਹਰੀ ਭਾਈ ਹੋ ਗਿਆ। ਤੇ ਅਜੇ ਠੀਕ ਉਹ ਆਪਣੇ ਮਹੱਲੇ ਦੇ ਸਿਰਫ਼ ਪੰਜ ਘਰ ਹੀ ਗਿਣ ਸਕਿਆ ਸੀ। ਮਸਤੀ ਨਾਲ ਹੌਲੇ-ਹੌਲੇ ਕੰਮ ਕਰਦਿਆਂ ਹੋਇਆਂ ਨਵੇਂ-ਨਵੇਂ ਫਾਰਮ ਭਰਦੇ ਹਰੀ ਭਾਈ, ਹੁਣ ਹਰੀ ਲਾਲ ਭਾਈ ਬਣ ਗਿਆ ਸੀ ਤੇ ਅਜੇ ਵੀ ਇੱਟਾਂ ਦੀ ਗਿਣਤੀ ਖਤਮ ਨਹੀਂ ਹੋਈ ਸੀ। ਹਰੀਏ ਦੇ ਸਾਲ ਵੱਡੇ ਹੋ ਗਏ। ਸਕੂਲ-ਕਾਲਜ ਗਏ ਤੇ ਲੋਕਾਂ ਨੇ ਉਹਨਾਂ ਨੂੰ ਵੀ ਇਕ ਤਾਂ ਵੀ ਕਰ ਦਿੱਤਾ। ਦੁਨੀਆਂ ਵਿਚ ਥਾਂ-ਥਾਂ ਸੰਨ੍ਹ ਲੱਗ ਰਹੇ ਸਨ, ਰਾਕਟ ਸਟੇਸ਼ਨ, ਪਾਵਰ ਹਾਊਸ, ਰੇਡੀਓ ਸਟੇਸ਼ਨ ਤੇ ਕੋਆਪਰੇਟਿਵ ਹਾਊਸਿੰਗ ਸੁਸਾਇਟੀਆਂ ਬਣ ਰਹੀਆਂ ਸਨ। ਹਰੀਏ ਦੇ ਮੁੰਡੇ ਪੂਰੇ ਉਤਸ਼ਾਹ ਨਾਲ ਇੱਟਾਂ ਗਿਣਨ ਦੇ ਕੰਮ ਵਿਚ ਲੱਗ ਗਏ, ਕਿਉਂਕਿ ਫਰੈਂਚ ਸਾਹਿਬ ਇਹ ਮੰਨਦੇ ਸਨ ਕਿ ਜੇ ਦੁਨੀਆਂ ਦੀਆਂ ਸਾਰੀਆਂ ਇੱਟਾਂ ਗਿਣ ਲਈਆਂ ਜਾਣ ਤਾਂ ਵਿਸ਼ਵ ਦੀਆਂ ਸਾਰੀਆਂ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ। ਹਰੀਏ ਦੇ ਮੁੰਡੇ ਵੱਡੇ ਹੋਏ, ਕੰਮ ਵਿਚ ਲੱਗ ਗਏ ਤੇ ਹਰੀਏ ਵਾਂਗ ਹੀ ਪੂਰੀ ਸੂਝਬੂਝ ਨਾਲ ਕੰਮ ਕਰਨ ਲੱਗੇ। ਲਗਨ ਤੇ ਮਿਹਨਤ ਨਾਲ ਰੋਜ਼ ਰੋਜ਼ ਨਵੇਂ ਨਵੇਂ ਫਾਰਮ ਭਰਦੇ ਗਏ। ਲੋਕਾਂ ਨੇ ਕਿਹਾ, "ਤੁਹਾਡੇ ਮੁੰਡੇ ਵੀ ਤੁਹਾਡੇ ਵਾਂਗ ਮਿਹਨਤੀ ਤੇ ਸਿਆਣੇ ਨਿਕਲੇ ਹਨ।" ਤੇ ਹਰੀਏ ਜੁਆਬ ਦਿੱਤਾ ਸੀ, "ਨਹੀਂ, ਨਹੀਂ, ਸਾਨੂੰ ਤਾਂ ਇਸ ਵਿਚ ਸੁਆਦ ਆਉਂਦੈ।"

ਕੰਮ ਕਰਦਿਆਂ ਕਰਦਿਆਂ ਹਰੀਏ ਦੇ ਵਾਲ ਚਿੱਟੇ ਹੋ ਗਏ ਤੇ ਇਕ ਦਿਨ ਜਦ ਉਹ ਨੂੰਹਾਂ ਦੇ ਹੱਥ ਦੀ ਬਣੀ ਰੋਟੀ ਚੀਜ਼ ਖਾ ਰਿਹਾ ਸੀ ਤਾਂ ਉਸ ਨੂੰ ਖਿਆਲ ਆਇਆ ਕਿ ਉਹ ਬਵਿੰਜਾ ਵਰ੍ਹਿਆਂ ਦਾ ਹੋ ਗਿਆ ਹੈ। ਉਸ ਦਾ ਮਹੱਲਾ ਪੂਰਾ ਹੋ ਗਿਆ ਸੀ। ਮਹੱਲੇ ਦੇ ਸਾਰੇ ਮਕਾਨਾਂ ਦੀਆਂ ਸਾਰੀਆਂ ਇੱਟਾਂ ਦੀ ਗਿਣਤੀ ਹੋ ਚੁਕੀ ਸੀ। ਸੱਤਰ ਅੱਸੀ ਤਰ੍ਹਾਂ ਦੇ ਫਾਰਮ ਪੂਰੀ ਤਰ੍ਹਾਂ ਭਰ ਗਏ ਸਨ। ਗਲੀ ਦੇ ਮੋੜ ਤੇ ਭਾਗਵਤ ਸਪਤਾਹ ਲਈ ਮੰਡਪ ਬਣਾਇਆ ਗਿਆ ਸੀ ਤੇ ਕਿਵੇਂ ਵਰਤੀਆਂ ਜਾਣ ਵਾਲੀਆਂ ਇੱਟਾਂ ਗਿਣ ਲਈਆਂ ਜਾਣ, ਤਾਂ ਉਸ ਦਾ ਕੰਮ ਪੂਰਾ ਹੋ ਜਾਵੇਗਾ। ਹਰੀਆ ਖੁਸ਼ੀ ਨਾਲ ਝੂਮ ਉਠਿਆ।

ਭਾਗਵਤ ਸਪਤਾਹ ਦੇ ਮੰਡਪ ਦੀਆਂ ਇੱਟਾਂ ਦੀ ਜਾਣਕਾਰੀ ਭਰ ਭਰਾ ਕੇ, ਸਾਰੇ ਕਾਗ਼ਜ਼ਾਂ ਨੂੰ ਇਕ ਚਿੱਟੀ ਥੈਲੀ ਵਿਚ ਭਰ, ਟੋਪੀ ਪਾ, ਹਰੀਆ ਮਹੱਲੇ ਤੋਂ ਬਾਹਰ ਨਿਕਲਿਆ ਉਸ ਦੇ ਸਾਹਮਣੇ ਵਾਲੇ ਮਹੱਲੇ ਤੋਂ ਵਡੀ ਟੋਪੀ, ਝੋਲਾ ਲਈ ਉਸ ਵਰਗਾ ਹੀ ਇਕ ਆਦਮੀ ਨਿਕਲਿਆ। ਤੇ ਦੋਵੇਂ ਚੁਪਚਾਪ ਚਾਰ ਰਸਤੇ ਵਲ ਜਾਣ ਲਗੇ। ਚਾਰ ਰਸਤੇ ਦੇ ਸਾਹਮਣਿਓਂ ਦੋ ਹੋਰ ਲੋਕ ਵੀ ਠੀਕ ਉਹਨਾਂ ਵਰਗੇ ਦਿਖਾਈ ਦਿਤੇ। ਚਾਰੇ ਆਦਮੀ ਤੁਰਨ ਲੱਗ ਪਏ। ਥੋੜ ਵਿਚ ਦਸ ਰਸਤੇ ਆਏ ਮਿਲਦੇ ਗਏ ਤੇ ਉਹਨਾਂ ਦਾ ਰਾਹਵਾਂ ਤੋਂ ਟੋਪੀ, ਝੋਲੇ ਵਾਲੇ ਚਾਰ-ਚਾਰ ਲੋਕਾਂ ਦੀਆਂ ਟੋਲੀਆਂ ਆ ਰਹੀਆਂ ਸਨ। ਸਾਰੇ ਤੁਰਦੇ ਤੁਰਦੇ ਸਟੇਸ਼ਨ ਪਹੁੰਚੇ। ਸਾਰੇ ਮਹੱਲਿਆਂ ਦੀ, ਸਾਰੇ ਬਾਜ਼ਾਰਾਂ ਦੀ, ਮਕਾਨਾਂ ਦੀ ਤੇ ਸਾਰੇ ਪਿੰਡਾਂ ਦੀਆਂ ਸਾਰੀਆਂ ਇੱਟਾਂ ਗਿਣੀਆਂ ਜਾ ਚੁਕੀਆਂ ਸਨ। ਸਾਰੇ ਇੱਟ-ਗਣਤਾਂ ਦੀ ਸਪੈਸ਼ਲ ਟਰੇਨ ਬੰਬਈ ਜਾ ਰਹੀ ਸੀ ਤੇ ਉਥੋਂ ਫਰੈਂਚ ਸਾਹਿਬ ਨੂੰ ਮਿਲਣ ਪੈਰਿਸ ਜਾਣ ਵਾਲੀ ਸੀ।



Sri Satguru Jagjit Singh Ji eLibrary NamdhariElibrary@gmail.com

ਬੰਬਈ ਦੇ ਪਲੇਟ ਫਾਰਮ ਉੱਤੇ ਗੱਡੀ ਜਿਵੇਂ ਹੀ ਪਹੁੰਚੀ, ਭਾਰਤ ਭਰ ਦੀਆਂ ਸਾਰੀਆਂ ਗੱਡੀਆਂ ਆਕੇ ਖੜੀਆਂ ਹੋ ਗਈਆਂ। ਸਭ ਸ਼ਾਂਤੀਪੂਰਨ, ਅਨੁਸ਼ਾਸਨ ਨਾਲ ਬੰਦਰਗਾਹ ਪਹੁੰਚੇ। ਜਿਥੇ ਚਾਰਾਂ ਪਾਸਿਆਂ ਵਲੋਂ ਸਾਰੇ ਗਿਣਤੀ ਕਰਨ ਵਾਲਿਆਂ ਦੀਆਂ ਲਾਈਨਾਂ ਲਗੀਆਂ ਆ ਰਹੀਆਂ ਸਨ ਜੋ ਸਾਰੇ ਦੇ ਸਾਰੇ ਖ਼ਾਸ ਸਟੀਮਰਾਂ ਉਪਰ ਬੈਠ ਪੈਰਿਸ ਜਾਣ ਵਾਲੇ ਸਨ।

ਪੈਰਿਸ ਦੇ ਏਫਲ ਟਾਵਰ ਹੇਠਾਂ ਖੁਲ੍ਹੇ ਮੈਦਾਨ ਵਿਚ ਭਾਰਤ ਦੇ ਗਿਣਤੀ ਕਰਨ ਵਾਲੇ ਪਹੁੰਚੇ ਤਾਂ ਪਤਾ ਲਗਿਆ ਕਿ ਛੋਟੇ ਛੋਟੇ ਦੀਆਂ ਟੋਲੀਆਂ ਵਿਚ ਸਾਰੇ ਪਾਸਿਆਂ ਵਲੋਂ ਗਿਣਤੀ ਕਰਨ ਵਾਲੇ ਆ ਰਹੇ ਸਨ। ਉਹ ਚੁਪ ਚਾਪ ਖੜੇ ਹੋ ਰਹੇ ਸਨ। ਟਾਵਰ ਹੇਠਾਂ ਲਾਊਡ ਸਪੀਕਰ ਅਤੇ ਘੜੀਆਂ ਵੀ ਲਗੀਆਂ ਹੋਈਆਂ ਸਨ।

ਫਰੈਂਚ ਸਾਹਿਬ ਆਏ ਤੇ ਸਾਰੇ ਲੋਕ ਚੁਪਚਾਪ ਵਿਸ਼ਵ ਦੀਆਂ ਸਮਸਿਆਵਾਂ ਦਾ ਹੱਲ ਸੁਣਨ ਲਈ ਬੈਠ ਗਏ। ਫਰੈਂਚ ਸਾਹਿਬ ਦੇ ਚਿਹਰੇ ਉਪਰ ਛੋਟੀ ਜਹੀ ਗੁਲਾਬੀ ਝਾਈ ਸੀ। ਉਹਨਾਂ ਦੇ ਹੱਥ ਵਿਚ ਪਾਈਪ ਸੀ ਤੇ ਉਹਨਾਂ ਦੀਆਂ ਅੱਖਾਂ ਵਿਚ ਨਾ ਸਮਝ ਆਉਣ ਵਾਲੀ ਕੋਈ ਗੱਲ ਸੀ। ਹਰੀਏ ਨੂੰ ਅਨੁਭਵ ਹੋਇਆ ਕਿ ਫਰੈਂਚ ਸਾਹਿਬ ਦੀਆਂ ਅੱਖੀਆਂ ਅਕਾਸ਼ ਦੇ ਤਾਰੇ ਵਰਗੀਆਂ ਹਨ, ਜਿਹੜੀਆਂ ਕੁਝ ਕਹਿ ਰਹੀਆਂ ਹਨ। ਪਰ ਉਹ ਕੀ ਕਹਿ ਰਹੀਆਂ ਹਨ, ਇਹ ਰੱਬ ਹੀ ਜਾਣੇ।

ਫਰੈਂਚ ਸਾਹਿਬ ਨੇ ਪਹਿਲਾਂ ਵਿਸ਼ਵ ਭਰ ਤੋਂ ਆਏ, ਇੱਟਾਂ ਦੀ ਗਿਣਤੀ ਕਰਨ ਵਾਲਿਆਂ ਦਾ ਸ਼ੁਕਰੀਆ ਅਦਾ ਕੀਤਾ। ਉਹਨਾਂ ਨੇ ਖੁਸ਼ੀ ਤੇ ਜੋਸ਼ ਭਰੀ ਆਵਾਜ਼ ਵਿਚ ਕਿਹਾ, "ਮੇਰੇ ਇਕ ਵਿਚਾਰ ਪਿਛੇ ਆਪ ਸਾਰਿਆਂ ਨੇ ਆਪਣੀ ਜ਼ਿੰਦਗੀ ਦੇ ਇਤਨੇ ਵਰ੍ਹੇ ਲਗਾ ਦਿਤੇ। ਮੈਂ ਇਸ ਲਈ ਆਪ ਸਭ ਦਾ ਮਸ਼ਕੂਰ ਹਾਂ। ਦੁਨੀਆਂ ਦੀਆਂ ਇੱਟਾਂ ਜਦ ਗਿਣੀਆਂ ਨਹੀਂ ਗਈਆਂ ਸਨ, ਤਦ ਮੈਨੂੰ ਲਗਿਆ ਕਿ ਗਿਣੀਆਂ ਜਾਣ ਤੋਂ ਬਾਅਦ ਵਿਸ਼ਵ ਦੀਆਂ ਸਮਸਿਆਵਾਂ ਖ਼ਤਮ ਹੋ ਜਾਣਗੀਆਂ ਤੇ ਇਹ ਗੱਲ ਅੱਜ ਪੂਰੀ ਹੋ ਗਈ ਹੈ। ਅੱਜ ਦੁਨੀਆਂ ਦੇ ਕੋਨੇ ਕੋਨੇ ਤੋਂ ਪਥਰਾਂ ਤੋਂ ਲੈਕੇ ਅਟਾਰੀ ਦੀ ਉਚੀ ਦੀਵਾਰ ਤੀਕ ਦੀਆਂ ਇੱਟਾਂ ਦੀ ਗਿਣਤੀ ਮੇਰੇ ਕੋਲ ਹੈ। ਉਥੋਂ ਦੇ ਲੋਕਾਂ ਦੀ ਪੌਣ ਪਾਣੀ ਨਾਲ ਸੰਪੂਰਨ ਮਨੋਦਸ਼ਾ ਦੀ ਰੂਪ ਰੇਖਾ ਮੇਰੇ ਪਾਸ ਹੈ ਜਿਹੜੀ ਕਿ ਕਰੋੜਾਂ ਹੀ ਫ਼ਾਰਮਾਂ ਵਿਚ ਭਰੀ ਪਈ ਹੈ। ਤੇ ਇਕ ਦਮ ਮੈਂ ਆਪਣੇ ਆਪ ਨੂੰ ਦੁਨੀਆਂ ਦੀ ਨਜ਼ਰ ਵਿਚ ਛੋਟਾ ਅਨੁਭਵ ਕਰ ਰਿਹਾ ਹਾਂ। ਅੱਜ ਮੈਨੂੰ ਸਮਝ ਵਿਚ ਆ ਰਿਹਾ ਹੈ ਕਿ ਕੋਈ ਇਕ ਆਦਮੀ ਸੰਪੂਰਨ ਦੁਨੀਆਂ ਦੀਆਂ ਅਣਗਿਣਤ ਸਮਸਿਆਵਾਂ ਦਾ ਕੋਈ ਹੱਲ ਲਭ ਸਕੇ, ਇਹ ਅਸੰਭਵ ਹੈ। ਅੱਜ ਮੈਨੂੰ ਲੱਗ ਰਿਹਾ ਹੈ ਕਿ ਮੈਂ ਆਪ ਸਭ ਦੀ, ਪੂਰੇ ਸੰਸਾਰ ਦੇ ਲੱਖਾਂ ਆਦਮੀਆਂ ਦੀ ਜ਼ਿੰਦਗੀ ਦੇ ਕੀਮਤੀ ਸਾਲ ਆਪਣੀ ਇਕ ਧੁਨ ਦੇ ਪਿਛੇ ਜ਼ਾਇਆ ਕਰ ਦਿਤੇ ਹਨ। ਇਕ ਕੋਰ ਜਨੂਨੀ ਤੇ ਇਕਦਮ ਵਾਹਯਾਤ ਕੰਮ ਪਿਛੇ ਸਾਰਿਆਂ ਦਾ ਸਮਾਂ ਜਿਹੜਾ ਜ਼ਾਇਆ ਹੋਇਆ ਹੈ, ਇਸ ਲਈ ਮੁਆਫ਼ੀ ਮੰਗਣ ਲਈ ਮੇਰੇ ਪਾਸ ਸ਼ਬਦ ਨਹੀਂ ਹਨ। ਮੈਂ ਗ਼ਲਤ ਨਿਕਲਿਆ, ਇਸ ਦਾ ਜਿਤਨਾ ਮੈਨੂੰ ਦੁੱਖ ਹੈ, ਉਸ ਤੋਂ ਕਿਤੇ ਵਧ ਆਮ ਲੋਕਾਂ ਪ੍ਰਤੀ ਮੈਂ ਆਪਣੇ ਆਪ ਨੂੰ ਪਾਪੀ ਸਮਝਦਾ ਹੋਇਆ ਸ਼ਰਮਿੰਦਾ ਹਾਂ। ਇਸ ਦਾ ਪ੍ਰਾਸਚਿਤ ਕਰਨ ਲਈ ਮੈਂ ਇਸ ਏਫਲ ਟਾਵਰ ਉਪਰੋਂ ਕੁਦ ਕੇ ਆਤਮ ਹਤਿਆ ਕਰਾਂਗਾ। ਕਰੋੜਾਂ ਆਦਮੀਆਂ ਦੇ ਜੀਵਨ ਨੂੰ ਨਿਸ਼ਕਾਮ ਜ਼ਾਇਆ ਕਰਨ ਬਦਲੇ ਵਿਚ ਮੈਂ ਆਪਣਾ ਬਾਕੀ ਜੀਵਨ ਖ਼ਤਮ ਕਰ ਦਿਆਂਗਾ।" ਸਭਾ ਵਿਚ ਸਨਾਟਾ ਛਾ ਗਿਆ ਤੇ ਹਰੀਆ ਇਕ ਦਮ ਅਵੇਸ਼ ਵਿਚ ਪੈ ਗਿਆ। ਉਹ ਉਠ ਖਲੋਤਾ। ਤੇ ਨੇੜੇ ਬੈਠੇ ਹੋਏ ਇਕ ਅਫ਼ਰੀਕਨ ਨੂੰ ਕਹਿਣ ਲਗਾ, "ਆਪਣੀ ਜ਼ਿੰਦਗੀ ਜ਼ਾਇਆ ਕਿੱਥੇ ਹੋਈ ਏ?"

'ਇੱਟਾਂ ਗਿਣਨ ਵਿਚ ਮੈਨੂੰ ਬੜਾ ਸੁਆਦ ਆਉਂਦਾ ਸੀ। ਇੱਟਾਂ ਗਿਣਨ ਦੇ ਕੰਮ ਵਿਚ ਮੇਰਾ ਦਿਲ ਲਗਿਆ ਰਹਿੰਦਾ ਸੀ ਤੇ ਮੈਂ ਮਿਹਨਤ ਨਾਲ ਆਪਣਾ ਕੰਮ ਕਰਦਾ ਰਹਿੰਦਾ ਸਾਂ। ਇੱਟਾਂ ਨੇ ਮੇਰੀ ਜ਼ਿੰਦਗੀ ਵਿਚ ਸੱਤ ਰੰਗ ਭਰੇ ਨੇ। ਮੇਰੇ ਸਾਰੇ ਸੁਆਲਾਂ ਦਾ ਜੁਆਬ ਇੱਟਾਂ ਨੇ ਦਿਤੇ। ਇਸ ਵਿਚ ਜ਼ਾਇਆ ਕੀ ਹੋਇਆ ਏ? ਇਹ ਸ੍ਰਿਸ਼ਟੀ ਦੇ ਨਿਯਮ ਦੀ ਉਲੰਘਣਾ ਨਹੀਂ। ਤੇ ਨਹੀਂ ਹੋਇਆ ਤਾਂ ਕੀ ਹੋਇਆ?"

ਸਾਰੇ ਹੀ ਹਰੀਏ ਵਲ ਤਕਣ ਲੱਗੇ ਤਾਂ ਫਰੈਂਚ ਸਾਹਿਬ ਦੀਆਂ ਅੱਖੀਆਂ ਵਿਚ ਦੁਬਾਰਾ ਪਹਿਲਾਂ ਵਾਂਗ ਤਾਰਿਆਂ ਵਰਗੀ ਚਮਕ ਵਿਖਾਈ ਦਿੱਤੀ। ਹਰੀਆ ਮੂਰਖਾਂ ਵਾਂਗ ਸਭਾ ਵਿਚ ਬੋਲ ਪਿਆ। "ਫਰੈਂਚ ਸਾਹਿਬ, ਕੁਦਣਾ ਨਹੀਂ। ਇਹ ਟਾਵਰ ਕਿਹੜੀਆਂ ਇੱਟਾਂ ਨਾਲ ਬਣਿਆ ਏ?" ★

੩੭੦/੭ ਸੈਂਟਰਲ ਟਾਊਨ—ਜਲੰਧਰ



Sri Satguru Jagjit Singh Ji eLibrary NamdhariElibrary@gmail.com

# ਸ੍ਰੀ ਸਤਿਗੁਰੂ (ਬਾਬਾ) ਰਾਮ ਸਿੰਘ ਜੀ



**(ਜਿਨ੍ਹਾਂ ਦੀ ਬਾਣੀ ਵਿਚ ਮਹਾਨ ਸ਼ਕਤੀ ਸੀ)**

ਕਿਸੇ ਵੀ ਦੇਸ਼ ਦੇ ਧਾਰਮਿਕ ਵਿਰਸੇ ਦੇ ਇਤਿਹਾਸ ਨੂੰ ਲੈ ਕੇ ਪੜ੍ਹੀਏ ਤਾਂ ਤੁਹਾਨੂੰ ਪਤਾ ਲਗੇਗਾ ਕਿ ਵੱਡੇ ਵੱਡੇ ਮਹਾਂਪੁਰਸ਼ਾਂ, ਕਰਮਯੋਗੀ ਅਵਤਾਰ, ਪੈਗੰਬਰ ਉਸ ਵੇਲੇ ਪ੍ਰਗਟ ਹੁੰਦੇ ਜਦੋਂ ਦੇਸ਼ ਦੇ ਧਰਮ, ਜਾਤੀ ਅਤੇ ਮਨੁਖੀ ਸਮਾਜ ਦੀ ਹਾਲਤ ਬਹੁਤ ਗਿਰ ਜਾਂਦੀ ਹੈ ਤੇ ਜਦੋਂ ਪਾਪ, ਅਨਿਆਏ, ਜ਼ੁਲਮ, ਜਬਰ ਦਾ ਕਹਿਰ, ਬੇਸ਼ਰਮੀ, ਬੇਰਹਿਮੀ, ਆਲਸ ਤੇ ਦੁਰਾਚਾਰ ਆਦਿ ਅਤੇ ਹੋਰ ਕਈ ਤਰਾਂ ਦੀਆਂ ਬੁਰਿਆਈਆਂ ਘਟਾ ਘੋਰ ਘਟਾਵਾਂ ਵਾਂਗ ਚਾਰੇਂ ਤਰਫ ਛਾ ਜਾਂਦੀਆਂ ਹਨ। ਐਸੇ ਨਾਜ਼ਕ ਸਮੇਂ ਕੁਦਰਤ ਦੇ ਅਟਲ ਕਾਨੂੰਨ ਵਿਚ ਹਲ ਚਲ ਪੈਦਾ ਹੁੰਦੀ ਹੈ। ਕੁਦਰਤੀ ਤਾਕਤਾਂ ਵਿਚ ਹਰਕਤ ਜਿਹੀ ਆ ਜਾਂਦੀ ਹੈ ਅਤੇ ਇਸ ਤਰ੍ਹਾਂ ਦੀ ਪਵਿੱਤਰ ਸ਼ਕਤੀ ਵਾਲੀ ਮਹਾਨ ਆਤਮਾ ਮਨੁਖੀ ਜਾਮੇ ਵਿਚ ਪ੍ਰਗਟ ਹੁੰਦੀ ਹੈ। ਜੋ ਦੇਸ਼, ਧਰਮ ਤੇ ਸਮਾਜ ਵਿਚ ਆਈਆਂ ਹੋਈਆਂ ਤਰੁਟੀਆਂ ਤੇ ਭੈੜੀਆਂ ਆਦਤਾਂ ਨੂੰ ਦੂਰ ਕਰਦੀ ਹੈ - ਪਾਪ, ਅਨਿਆਏ, ਜ਼ੁਲਮ, ਜਬਰ ਦੀਆਂ ਜੜ੍ਹਾਂ ਪੁੱਟ ਕੇ ਸ਼ਾਂਤੀ, ਇਨਸਾਫ਼, ਨੇਕੀ ਤੇ ਸੱਚੇ ਧਰਮ ਦਾ ਰਾਜ ਕਾਇਮ ਕਰਦੀ ਹੈ।

ਸ੍ਰੀ ਗੁਰੂ ਰਾਮ ਸਿੰਘ ਜੀ ਮਹਾਰਾਜ ਦਾ ਜਨਮ ਵੀ ਐਸੇ ਹੀ ਸਮੇਂ ਹੋਇਆ ਜਦੋਂ ਇਨ੍ਹਾਂ ਵਰਗੇ ਮਹਾਂਪੁਰਸ਼ਾਂ ਦੀ ਇਸ ਕਰਮ ਭੂਮੀ ਨੂੰ ਬਹੁਤ ਸਖਤ ਲੋੜ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਮਗਰੋਂ ਜਦੋਂ ਸਿੱਖਾਂ ਦਾ ਰਾਜ ਆਇਆ ਤਾਂ ਉਸ ਵੇਲੇ ਸਿੱਖਾਂ ਵਿਚ ਗੜਬੜ ਜਹੀ ਪੈਦਾ ਹੋ ਗਈ ਤੇ ਉਹ ਆਪਣੇ ਸਾਰੇ ਫਰਜ਼ ਭੁਲ ਗਏ। ਗੁਰੂ ਮਹਾਰਾਜ ਜੀ ਨੇ ਇਸ ਜ਼ਰੂਰਤ ਦਿ ਸਮੇਂ ਪਵਿੱਤਰ ਉਦੇਸ਼ ਨੂੰ ਮੁਖ ਰਖਕੇ ਸਿੱਖਾਂ ਦਾ ਸੰਗਠਨ ਕਰਕੇ ਇਕ ਕਰਮਯੋਗੀਆਂ ਦਾ ਦਲ ਕਾਇਮ ਕੀਤਾ। ਉਨ੍ਹਾਂ ਨੇ ਜੋ ਉਚ ਭਾਵਨਾਵਾਂ ਨੂੰ ਲੈ ਕੇ ਦੇਸ਼, ਜਾਤੀ, ਧਰਮ ਅਤੇ ਮਨੁੱਖ-ਸਮਾਜ ਦਾ ਉਹ ਆਜ਼ਾਦ ਅਤੇ ਰਖਿਆ ਕਰਨ ਲਈ ਆਪਣੇ ਤੇਜ,ਤਪਸਿਆ, ਅਟੱਲ ਬਾਣੀ, ਸ਼ਕਤੀ ਦੁਆਰਾ ਗਿਰੇ ਹੋਏ ਮਨੁਖ ਜਾਤੀ ਤੋਂ ਰਣਬਹਾਦਰਾਂ, ਸੂਰਬੀਰਾਂ ਅਤੇ ਕਰਮਵੀਰਾਂ ਦੀ ਵਡੀ ਸੈਨਿਆ ਤਿਆਰ ਕਰਕੇ ਉਨ੍ਹਾਂ ਨੂੰ ਸਿੱਖ-ਪੰਥ (ਸ਼ੇਰਾਂ, ਬਹਾਦਰਾਂ, ਰਥ ਸ਼ਕਤੀ ਧਰਮ) ਦੇ ਨਾਲ ਨਾਲ ਸੰਗਠਤ ਕੀਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਮਗਰੋਂ ਉਹਨਾਂ ਸਿੱਖਾਂ ਨੇ ਇਸ ਉਚ ਉਦੇਸ਼, ਉਹਨਾਂ ਪਵਿੱਤਰ ਭਾਵਨਾਵਾਂ ਨੂੰ ਪਰੇ ਸੁਟ ਕੇ ਆਪਣੀ ਸੂਰਬੀਰਤਾ ਦਾ ਗਲਤ ਪ੍ਰਯੋਗ ਸ਼ੁਰੂ ਕਰ ਦਿਤਾ। ਜਨਤਾ ਦੀ ਰਖਿਆ ਕਰਨ ਦੀ ਥਾਂ ਉਨ੍ਹਾਂ ਨੇ ਲੁੱਟਮਾਰ ਕਰਨ ਦਾ ਧੰਦਾ ਅਪਣਾ ਲਿਆ ਸੀ। ਸ੍ਰੀ ਗੁਰੂ ਨਾਨਕ ਦੇਵ ਦੇ ਉਸ ਉਪਦੇਸ਼ ਨੂੰ ਬਿਲਕੁਲ ਭੁਲਾ ਦਿਤਾ ਸੀ। ਮਾਸ, ਸ਼ਰਾਬ ਵਿਚ ਮਸਤ ਰਹਿਣ ਲਗੇ। ਚੋਰੀ ਯਾਰੀ ਦੇ ਨੀਵੇਂ ਕੰਮਾਂ ਵਿਚ ਲਗ ਪਏ। ਇਕ ਦਲ ਦੂਜੇ ਦਲ ਤੇ ਹਮਲੇ ਕਰਨ ਲਗ ਪਿਆ। ਪਿਤਾ ਪੁਤਰ ਵਿਚ ਦੁਸ਼ਮਣੀ, ਭਾਈ ਭਾਈ ਵਿਚ ਵੈਰ ਵਿਰੋਧ ਪੈਦਾ ਹੋ ਗਿਆ। ਅਜ਼ਾਦੀ ਅਤੇ ਸ਼ੁਭ ਕਰਮਾਂ ਦੀ ਰੂਹ ਜੋ ਗੁਰੂ ਮਹਾਰਾਜ ਜੀ ਨੇ ਉਨ੍ਹਾਂ ਵਿਚ ਭਰੀ ਸੀ ਉਸਦੀ ਥਾਂ ਹੁਣ ਗੁਲਾਮਾਂ ਵਾਲੀ ਸੋਚ ਤੇ ਕਾਇਰਤਾ ਨੇ ਲੈ ਲਈ, ਇਥੋਂ ਤਕ ਕਿ ਹਰ ਭਾਂ ਕਈ ਪ੍ਰਕਾਰ ਦੀਆਂ ਕਮਜ਼ੋਰੀਆਂ ਸਧਾਰਨ ਜਨਤਾ ਵਿਚ ਆ ਗਈਆਂ।

ਇਸ ਤਰ੍ਹਾਂ ਦੇ ਭਿਆਨਕ ਸਮੇਂ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਵਤਾਰ ਧਾਰਿਆ। ਆਪ ਜੀ ਦਾ ਪ੍ਰਕਾਸ਼ ਦਿਵਸ ਮਾਘ ਦੂਜੀ ਪੰਚਵੀ - ਵੀਰਵਾਰ ਸੰਮਤ ਬਿਕ੍ਰਮੀ ੧੮੭੨ (ਮੁਤਾਬਕ ਸੰਨ ੧੮੧੫)ਹੈ। ਆਪਜੀ ਦੇ ਮਹਾਨ ਪਿਤਾ ਸ੍ਰੀ ਮਾਨ ਜੱਸਾ ਸਿੰਘ ਜੀ ਤਰਖਾਣ ਜਾਤੀ ਵਿਚੋਂ ਸਨ ਅਤੇ ਮਾਤਾ ਦਾ ਨਾਮ ਮਾਤਾ ਸਦਾ ਕੌਰ ਸੀ। ਆਪ ਦਾ ਜਨਮ ਅਸਥਾਨ "ਰਾਈਆਂ" ਨਾਮ ਦਾ ਪਿੰਡ ਹੈ ਜੋ ਜ਼ਿਲਾ ਲੁਧਿਆਣਾ ਵਿਚ ਭੈਣੀ ਪਿੰਡ ਦੇ ਲਾਗੇ ਹੀ ਹੈ। ਆਪਜੀ ਦਾ ਪਾਲਣ ਪੋਸਣ ਖਾਸ ਭੈਣੀ ਵਿਚ ਹੀ ਹੋਇਆ ਸੀ।

ਆਪ ਜੀ ਦੇ ਮਾਤਾ ਪਿਤਾ ਆਪ ਦੇ ਜਨਮ ਤੋਂ ਛੋਟੀ



Sri Satguru Jagjit Singh Ji eLibrary NamdhariElibrary@gmail.com

ਮਹਾਰਾਜ ਭੈਣੀ ਵਿਚ ਆ ਕੇ ਰਹਿਣ ਲਗ ਪਏ ਸਨ। ਇਹੋ ਭੈਣੀ ਪਿੰਡ ਆਪ ਜੀ ਦੇ ਚੰਗੇ ਕਰਮਾਂ, ਤੇ ਤੇਜ ਤਪ ਕਾਰਨ ਸ੍ਰੀ ਭੈਣੀ ਸਾਹਿਬ ਦੇ ਨਾਮ ਨਾਲ ਮਸ਼ਹੂਰ ਹੋਇਆ। ਸ੍ਰੀ ਗੁਰੂ ਰਾਮ ਸਿੰਘ ਜੀ ਪੂਰੇ ਕਰਮ-ਯੋਗੀ ਸਨ। ਆਪ ਬਹੁਤ ਧੀਰਜਵਾਨ, ਡੂੰਘੀ ਸੋਚ ਵਾਲੇ ਤੇ ਸੂਰਬੀਰ ਸਨ। ਆਪ ਚੰਗੇ ਕਰਮਾਂ ਦੇ ਅਵਤਾਰ ਤੇ ਧਰਮ ਦੀ ਜਿਉਂਦੀ ਜਾਗਦੀ ਤਸਵੀਰ ਸਨ। ਆਪਦੇ ਜਿਸਮ ਅੰਦਰ ਵਿਸ਼ਵਾਸ ਦਿਸ ਸੀ ਅਤੇ ਦਿਲ ਵਿਚ ਵਿਸ਼ਵ ਪ੍ਰੇਮ ਦੀ ਜੋਤ ਜਗਮਗਾਉਂਦੀ ਸੀ। ਆਪ ਜੀ ਦੀ ਜ਼ਿੰਦਗੀ ਦੀਆਂ ਘਟਨਾਵਾਂ ਆਪ ਦੀ ਬੇਮਿਸਾਲ ਕੁਰਬਾਨੀ, ਧਰਮ ਕਰਮ ਤੇ ਨਿਰਮਾਣਤਾ ਤੇ ਕਾਫੀ ਚਾਨਣਾ ਪਾਉਂਦੀਆਂ ਹਨ। ਆਪ ਜੀ ਦੀ ਕਾਰਜਸ਼ੀਲਤਾ ਪ੍ਰਬਲ ਤੇ ਰਹਿਣ ਮਾਮੂਲੀ ਸੀ। ਆਪ ਜੀ ਦੀ ਕਰਨੀ ਮਹਾਨ ਸੀ। ਆਪ ਜੀ ਦੇ ਕਰਮ ਨੇਕੀ, ਸਚਾਈ, ਧਰਮਦਾਰੀ ਤੇ ਇੱਜ਼ਤ ਵਾਲੇ ਸਨ। ਆਪ ਜੀ ਦੀ ਬਾਣੀ ਵਿਚ ਉਹ ਸ਼ਕਤੀ ਤੇ ਜਾਦੂ ਵਾਂਗ ਵਸ ਕਰਨ ਵਾਲਾ ਐਸਾ ਮੰਤਰ ਸੀ - ਜਿਸ ਦੇ ਕੰਨਾਂ ਵਿਚ ਧੁਨ ਪੈਂਦੀ ਸੀ, ਉਸਦੀ ਹੀ ਕਾਇਆ ਕਲਪ ਹੋ ਜਾਂਦੀ ਸੀ ਤੇ ਉਹ ਆਪਜੀ ਦਾ ਪੂਰੀ ਤਰ੍ਹਾਂ ਗੁਲਾਮ ਹੋ ਜਾਂਦਾ ਸੀ। (ਮਹਾਰਾਜਾ ਪਟਿਆਲੇ ਨੇ ਇਸ ਗੁਰ ਮੰਤਰ ਨੂੰ ਜਾਨਣ ਲਈ ਕਈ ਸਰਦਾਰ, ਨਜ਼ਦੀਕੀ ਰਿਸ਼ਤੇਦਾਰ ਭੇਜੇ ਜੋ ਕੋਈ ਵੀ ਵਾਪਸ ਨਾ ਆ ਸਕਿਆ) ਉਸ ਨੂੰ ਸੱਚੇ ਕਰਮ ਮਾਰਗ ਤੇ ਚਲਣ ਲਈ ਸਿਰ ਧੜ ਦੀ ਬਾਜ਼ੀ ਲਾਉਣੀ ਆ ਜਾਂਦੀ ਸੀ ਤੇ ਦਿਲ ਵਿਚੋਂ ਪਾਪਾਂ ਦੀ ਮੈਲ ਲਾਹ ਕੇ ਸਾਫ਼ ਕੰਚਨ ਸੋਨਾ ਬਣ ਜਾਂਦਾ ਸੀ। ਕਈ ਪਾਪੀ, ਬਦਮਾਸ਼, ਗੁਨਾਹਗਾਰ ਆਪ ਜੀ ਦੀ ਬਾਣੀ ਤੇ ਸੰਗਤ ਦੇ ਪ੍ਰਭਾਵ ਨਾਲ ਨੇਕ ਬਣ ਗਏ। ਇਸ ਪ੍ਰਕਾਰ ਦੀਆਂ ਕਈ ਘਟਨਾਵਾਂ ਆਪ ਜੀ ਦੀ ਜ਼ਿੰਦਗੀ ਨਾਲ ਸਬੰਧਤ ਹਨ ਜੋ ਇਸ ਗੱਲ ਦੀ ਹਾਮੀ ਭਰਦੀਆਂ ਹਨ ਕਿ ਆਪ ਜੀ ਵਾਕਿਆ ਹੀ ਸੱਚੇ ਕਰਮ ਯੋਗੀ ਤੇ ਮਹਾਂਪੁਰਸ਼ ਸਨ। ਨਾਮਧਾਰੀ ਸਿੱਖਾਂ ਦੇ ਯਕੀਨ ਅਨੁਸਾਰ ਆਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਸ਼ ਦੇ ਅਵਤਾਰ ਸਨ। ਆਪ ਦੇ ਅਵਤਾਰ ਧਾਰਨ ਬਾਰੇ ਆਪਦੇ ਜਨਮ ਤੋਂ ਪਹਿਲਾਂ ਹੀ ਭਵਿਖ ਬਾਣੀ ਹੋ ਚੁਕੀ ਸੀ। ਜਿਸ ਨੂੰ ਬਹੁਤ ਸਾਰਿਆਂ ਬਾਣੀਆਂ ਦੁਆਰਾ ਸਿੱਧ ਕੀਤਾ ਜਾਂਦਾ ਹੈ। ਮਿਸਾਲ ਵਜੋਂ ਭਾਈ ਬਾਲੇ ਵਾਲੀ ਜਨਮ ਸਾਖੀ ਦੇ ਇਨ੍ਹਾਂ ਸ਼ਬਦਾਂ ਦਾ ਪ੍ਰਮਾਣ ਦਿਤਾ ਜਾਂਦਾ ਹੈ:-

"ਗੁਰ ਚੇਲੇ ਰਹਿਰਾਸ ਕੁਰ ਅੰਤਰ ਵੇਖੋ ਟੋਹਿ।
ਸੁਆਮੀ ਹਰੁ ਪ੍ਰਭ ਹੋਇਆ ਨਹੀਂ, ਮਿਲਣਾ ਤੋਹਿ।

ਇਸਦਾ ਅਰਥ - ਭਾਈ ਅਜਿੱਤਿਆ ਬਾਰਵਾਂ ਜਾਮਾ ਜਦ ਗੁਰੂ ਹੋਵੇਗਾ:- ਨਿਹਕਲੰਕ ਸਭ ਦੁਨੀਆਂ ਤੇ ਨਿ ਨਿਰਲੇਪ ਰਹੇਗਾ ਅਤੇ ਆਪ ਕੋ ਕਹਾਵੇਂਗੇ ਨਹੀਂ, ਕਿ ਹੋਵੇਗਾ। ਆਸਰਾ ਭੀ ਲਵੇਗਾ ਇਕ ਅਕਾਲ ਪੁਰਖ ਦਾ ਲਏਗ ਇਸੇ ਤਰ੍ਹਾਂ ਸੌ ਸਾਖੀ ਨਾਮਕ ਗ੍ਰੰਥ ਦੀਆਂ ਇਨ੍ਹਾਂ ਤੁਕ ਪ੍ਰਮਾਣ ਵੀ ਦਿਤਾ ਜਾ ਸਕਦਾ ਹੈ:—

ਰਿਲਪੁਣ ਬੀਸ ਬਾਰੇਂ ਸੁਤ ਹੋਈ।
ਬਲੂਆ ਰਾਜ ਕਰੇਗਾ ਸੋਈ।

ਤਿਸ ਮਹਿ ਰਾਮ ਸਿੰਘ ਮਹਾਸਾਰਾ।
ਦੇਸ ਮਾਲਵੇ ਮਹਿ ਅਵਤਾਰਾ।

ਰਾਮ ਸਿੰਘ ਮੇਰੋ ਹੋਇ ਨਾਮਾ
ਬਾਕੀ ਸਭ ਭੈਣੀ ਕੋ ਧਾਮਾ।

ਫਿਰ ਖਸਟਮੀ ਸੁਤ ਗੁਰ ਵਾਰਾ।
ਤਸਮੰਡ ਨਗਰ ਸੁਰਲਦੂ ਕਿਨਾਰਾ।
ਕਲਜੁਗ ਮੇ ਸਤਿਜੁਗ ਕਰ ਡਾਰੇ।
ਤਬੀ ਬਾਹਣਾਂ ਬਧ ਪਹਿਚਾਨੋ।

ਕਲਜੁਗ ਮੇ ਸਤਿਜੁਗ ਵਰਤਾਊਂ।
ਤਬੀ ਬਾਰਵਾਂ ਰੂਪ ਕਹਾਊਂ।

ਇਸ ਤੋਂ ਇਲਾਵਾ ਪੰਥ ਪ੍ਰਕਾਸ਼ ਵਿਚੋਂ ਦਰਸਾਇ ਜਾਂਦਾ ਹੈ ਕਿ ਗਿਆਰਵੇਂ ਗੁਰੂ ਸ੍ਰੀ ਗੁਰੂ ਬਾਲਕ ਸਿੰਘ ਨੂੰ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਦਰਸ਼ਨ ਦੇ ਕੇ ਕਿ ਸੀ ਕਿ—

ਮੇਰੋ ਅਵਤਾਰ ਅੰਸ਼ ਰਾਮ ਸਿੰਘ ਹਵੇ ਤੇਰੇ।

ਅਗੇ ਚਲਕੇ ਫਿਰ ਲਿਖਿਆ ਹੈ —

ਸੋਈ ਨੇਹ ਫੁਰੀ ਆਏ ਸੰਮਤ ਬਹਤ੍ਰ ਮੇ,
ਮਾਘ ਸੁਦੀ ਪੰਚਮੀ ਸਵੇਰੇ ਗੁਰਵਾਰ ਕੇ,
ਜ਼ਿਲਾ ਲੁਧਿਆਣਾ-ਗ੍ਰਾਮ ਭੈਣੀ ਨਾਏ ਆਮ।
ਅਵਤਰੇ ਸਿੰਘ ਰਾਮ ਕਲਾਲੋ ਟਾਰਕੇ।

ਜਾਤ ਤ੍ਰਖਾਣ ਜਸੋ ਨਾਮ ਕੇ ਅੰਦਸੋ ਘਰ।
ਮਾਤ ਸਦਾ ਮੇ-ਪ੍ਰਕਾਸ਼ ਨਾਮ ਪ੍ਰਚਾਰ ਕੈ।
ਬਾਲਕ ਹੀ ਪਨ ਮੇ ਥੇ ਈਸ਼ਵਰ ਕੇ ਮਨ ਸੇ ਥੇ।
ਧਿਆਵਤੇ ਸਗਨ ਸੇ ਥੇ ਜਨੋਂ ਕੋ ਸੁਧਾਰ ਕੇ।
ਉਪਤ ਲਿਖੇ ਸਾਰੇ ਸਤਧਾ ਪੂਰਨ ਉਲੇਖਾਂ ਦਾ



Sri Satguru Jagjit Singh Ji eLibrary NamdhariElibrary@gmail.com

ਸ੍ਰੀ ਗੁਰੂ ਰਾਮ ਸਿੰਘ ਜੀ ਦੀ ਸ਼ਖ਼ਸੀਅਤ (ਹਸਤੀ) ਹੋਰ ਵੀ ਉਚੀਆਂ ਹੋ ਜਾਂਦੀ ਹੈ। ਆਪ ਜੀ ਦੀ ਗੁਰਿਆਈ ਦੇ ਵੱਡਪਨ ਨੇ ਲੋਕਾਂ ਦੇ ਦਿਲਾਂ ਵਿਚ ਹੋਰ ਵਿਸ਼ਵਾਸ ਪੈਦਾ ਕਰ ਦਿਤਾ।

(੨)

ਸ੍ਰੀ ਗੁਰੂ ਰਾਮ ਸਿੰਘ ਜੀ ਜਦੋਂ ਵੱਡੇ ਹੋਏ ਤਾਂ ਆਪ ਜੀ ਮਹਾਰਾਜੀ ਖਾਲਸਾ ਫੌਜ ਵਿਚ ਭਰਤੀ ਹੋਏ ਪਰੰਤੂ ਆਪ ਜੀ ਦਾ ਮਨ ਨਾ ਲਗਿਆ। ਆਪ ਜੀ ਦੀ ਪਵਿੱਤਰ ਆਤਮਾ ਸਦਾ ਸੰਸਾਰ ਦੇ ਜੰਜਾਲ 'ਚੋਂ ਨਿਕਲਕੇ ਵਿਸ਼ਵ ਭਾਵਨਾ (ਮਨੁਖ ਜਾਤੀ) ਨਾਲ ਆਪਣੇ ਉੱਚ ਉਦੇਸ਼ ਦੀ ਪੂਰਤੀ ਦੀ ਭਾਲ ਵਿਚ ਰਹਿੰਦੀ ਸੀ। ਆਪ ਰਾਤ ਦਿਨ ਇਸੇ ਸੋਚ ਵਿਚ ਮਗਨ ਰਹਿੰਦੇ ਸਨ ਕਿ ਕਿਸ ਤਰ੍ਹਾਂ ਉਹ ਆਪਣਾ ਫਰਜ਼ ਜਾਂ ਜੀਵਨ ਉਦੇਸ਼ ਪੂਰਾ ਕਰ ਸਕਦੇ ਹਨ। ਇਕ ਅਜੀਬ ਵਲਵਲਾ ਤੇ ਇਕ ਲਗਨ ਆਪ ਜੀ ਦੇ ਦਿਲ ਦੀ ਤਹਿ ਅੰਦਰ ਲਗੀ ਰਹਿੰਦੀ ਸੀ।

ਸੰਮਤ ੧੮੯੮ ਬਿਕ੍ਰਮੀ ਵਿਚ ਇਕ ਐਸੀ ਘਟਨਾ ਹੋਈ ਕਿ ਆਪ ਜੀ ਦੀ ਫੌਜੀ ਟੁਕੜੀ ਹਜ਼ਰੋ ਵਿਚ ਕੋਮਲ-ਪੁਰ ਚਲੀ ਗਈ। ਆਪ ਵੀ ਫੌਜੀ ਟੁਕੜੀ ਨਾਲ ਹਜ਼ਰੋ ਗਏ। ਸ੍ਰੀ ਗੁਰੂ ਰਾਮ ਸਿੰਘ ਜੀ ਨੂੰ ਪ੍ਰਮਾਤਮਾ ਨੇ ਐਸਾ ਹਿਰਦਾ ਦਿਤਾ, ਜਿਹੜਾ ਸਦਾ ਹੀ ਪ੍ਰਭੂ ਭਜਨ, ਕਥਾ, ਵਾਰਤਾ ਅਤੇ ਸਤ ਸੰਗ ਰੂਪੀ ਅੰਮ੍ਰਿਤ ਦਾ ਪਿਆਸਾ ਰਹਿੰਦਾ ਸੀ। ਆਪ ਜੀ ਨੂੰ ਜਦੋਂ ਕਿਧਰੇ ਈਸ਼ਵਰ ਭਗਤ ਤੇ ਕਰਮ ਜੋਗੀ ਦਾ ਪਤਾ ਲਗਦਾ ਸੀ ਤਦ ਆਪ ਝਟ ਹੀ ਵਿਹਲ ਕਢ ਕੇ ਉਸ ਦੇ ਦਰਸ਼ਨਾਂ ਨੂੰ ਉਸ ਪਾਸ ਚਲੇ ਜਾਂਦੇ, ਸਤਸੰਗ ਤੇ ਭਜਨ ਕੀਰਤਨ ਨਾਲ ਆਪਣੇ ਹਿਰਦੇ ਦੀ ਪਿਆਸ ਬੁਝਾ ਲੈਂਦੇ। ਹਜ਼ਰੋ ਪਹੁੰਚਣ ਸਾਰ ਹੀ ਆਪ ਜੀ ਨੂੰ ਪਤਾ ਲਗਾ ਕਿ ਇਥੇ ਇਕ ਬੜੇ ਹੀ ਕਰਮਯੋਗੀ ਆਤਮਾ ਗੁਰੂ ਬਾਲਕ ਸਿੰਘ ਜੀ ਸਨ ਜਿਹੜੇ ਉਨ੍ਹਾਂ ਦਿਨਾਂ ਵਿਚ ਆਪਣੇ ਭਾਈ ਪਾਸ ਰਹਿ ਕੇ ਈਸ਼ਵਰ ਨਾਮ ਦਾ ਪਰਚਾਰ ਕਰਦੇ ਸਨ। ਉਹ ਬੜੇ ਗਿਆਨੀ ਸਨ। ਜਦੋਂ ਗੁਰੂ ਰਾਮ ਸਿੰਘ ਜੀ ਉਨ੍ਹਾਂ ਪਾਸ ਆਏ ਤਾਂ ਉਨ੍ਹਾਂ ਨੇ ਝਟ ਤਾੜ ਲਿਆ ਕਿ ਇਹ ਮਹਾਤਮਾ ਕੋਈ ਮਾਮੂਲੀ ਆਤਮਾ ਨਹੀਂ ਪਰੰਤੂ ਉਹੀ ਸਤਿ ਪੁਰਸ਼ ਹਨ ਜਿਨ੍ਹਾਂ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਨੂੰ ਦਰਸ਼ਨ ਦੇ ਕੇ ਕਿਹਾ ਸੀ ਕਿ—

ਮੇਰੋ ਅਵਤਾਰ ਅੰਸ਼ ਰਾਮ ਸਿੰਘ ਹੋਵੇ ਭਵੇ।

ਇਸ ਤਰ੍ਹਾਂ ਸਤਿਗੁਰੂ ਬਾਲਕ ਸਿੰਘ ਜੀ ਨੂੰ ਆਪ ਜੀ ਦੇ ਆਉਣ ਦੀ ਬਹੁਤ ਖੁਸ਼ੀ ਤੇ ਹਾਰਦਿਕ ਪ੍ਰਸੰਨਤਾ ਹੋਈ,



ਉਨ੍ਹਾਂ ਨੇ ਗੁਰੂ ਰਾਮ ਸਿੰਘ ਜੀ ਨੂੰ ਆਪਣੇ ਕੋਲ ਆਸਨ ਤੇ ਬਿਠਾ ਕੇ ਬੜੇ ਪ੍ਰੇਮ ਨਾਲ ਗੁਰੂ ਉਪਦੇਸ਼ ਦਿਤਾ ਜਿਸ ਦੀ ਉਨ੍ਹਾਂ ਨੂੰ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ) ਆਗਿਆ ਸੀ।

ਸ੍ਰੀ ਗੁਰੂ ਰਾਮ ਸਿੰਘ ਜੀ ਦੇ ਜੀਵਨ ਵਿਚ ਇਹ ਬੜੀ ਵਡੀ ਘਟਨਾ ਹੈ। ਇਸ ਵਾਕਿਆ ਦੇ ਥੋੜੀ ਮਗਰੋਂ ਆਪ ਸੁਧਾਰ ਦੇ ਵਿਸ਼ਾਲ ਕਰਮ ਖੇਤਰ ਵਿਚ ਕੁੱਦ ਪਏ ਜਿਸ ਦੀ ਆਪ ਜੀ ਨੂੰ ਦਿਨ ਰਾਤ ਚਿੰਤਾ ਲਗੀ ਰਹਿੰਦੀ ਸੀ। ਆਪ ਜੀ ਨੇ ਨੌਕਰੀ ਛਡ ਦਿਤੀ ਤੇ ਇਕ ਉਚ ਆਦਰਸ਼ ਨੂੰ ਸਾਹਮਣੇ ਰਖਕੇ ਆਪਣੀ ਸਾਰੀ ਤਾਕਤ ਨੂੰ ਉਸ ਪਾਸੇ ਲਾ ਦਿਤਾ। ਲਗਪਗ ਵੀਹ ਸਾਲ ਇਸੇ ਤਰ੍ਹਾਂ ਪ੍ਰੇਮ ਭਗਤੀ ਵਿਚ ਮਸਤ ਰਹੇ ਤੇ ਭਗਵਾਨ ਦਾ ਭਜਨ ਕੀਤਾ। ਨਿਰਮਲ ਦਿਲ ਵਿਚ ਰੂਹਾਨੀ ਖੁਮਾਰ (ਸਰੂਰ) ਦੀਆਂ ਲਹਿਰਾਂ ਉਠਣ ਲਗੀਆਂ। ਕਿਹਾ ਜਾਂਦਾ ਹੈ ਕਿ ਇਨ੍ਹਾਂ ਦਿਨਾਂ ਵਿਚ ਆਪ ਜੀ ਨੂੰ ਇਕ ਵਾਰੀ ਅਕਾਸ਼ਬਾਣੀ ਵੀ ਹੋਈ ਜਿਸ ਵਿਚ ਆਪ ਨੂੰ ਆਪਣੇ ਫਰਜ਼ ਵਲ ਇਸ਼ਾਰਾ ਵੀ ਕੀਤਾ ਗਿਆ। ਗੁਰੂ ਰਾਮ ਸਿੰਘ ਜੀ ਨੇ ਇਸ ਬਾਣੀ ਦੇ ਉਦੇਸ਼ ਨੂੰ ਸਿਰ ਮਥੇ ਮੰਨਿਆ ਤੇ ਆਪ ਝਟਪਟ ਭੈਣੀ ਨੂੰ ਗਏ। ਉਨ੍ਹਾਂ ਦਿਨਾਂ ਵਿਚ ਆਪ ਜੀ ਭੈਣੀ ਸਾਹਿਬ ਕਪੜੇ ਤੇ ਲੋਹੇ ਦੀ ਦੁਕਾਨ ਕਰਦੇ ਸਨ, ਪ੍ਰੰਤੂ ਆਪਣੀ ਭਗਤੀ ਦੇ ਪ੍ਰਵਾਹ ਵਿਚ ਆਪ ਜੀ ਨੇ ਆਪਣੀ ਦੁਕਾਨ ਦੀ ਸਾਰੀ ਪੂੰਜੀ ਤੇ ਜਾਇਦਾਦ ਪ੍ਰਭੂ ਭਗਤਾਂ ਦੀ ਸੇਵਾ, ਭਲਾਈ ਤੇ ਸਤਿਕਾਰ ਵਿਚ ਲਾ ਦਿਤੀ। ਇਹ ਆਪ ਜੀ ਦੀ ਖੁਲ੍ਹਦਿਲੀ, ਈਸ਼ਵਰ ਭਗਤੀ ਦੀ ਜੀਉਂਦੀ ਜਾਗਦੀ ਮਿਸਾਲ ਹੈ। ਇਸ ਨਾਲ ਆਪ ਜੀ ਦੀ ਮਹਾਨਤਾ ਤੇ ਪ੍ਰਸਿਧਤਾ (ਸ਼ੁਹਰਤ) ਚਾਰੇ ਪਾਸੇ ਫੈਲ ਗਈ। ਆਪ ਜੀ ਦੇ ਦਰਸ਼ਨਾਂ ਨੂੰ ਦੂਰੋਂ ਨੇੜਿਉਂ ਅਣਗਿਣਤ ਲੋਕ ਆਉਣ ਲਗ ਪਏ।



Sri Satguru Jagjit Singh Ji eLibrary NamdhariElibrary@gmail.com

ਸ੍ਰੀ ਗੁਰੂ ਰਾਮ ਸਿੰਘ ਜੀ ਤੇ ਪ੍ਰਭੂ ਭਗਤੀ ਦਾ ਰੰਗ ਦਿਨੋਂ ਦਿਨ ਜ਼ਿਆਦਾ ਚੜ੍ਹਨ ਲਗਾ। ਦਿਨ ਰਾਤ ਜ਼ਬਾਨ ਤੇ ਹਰੀ ਨਾਮ (ਭਜਨ) ਦਾ ਜਾਪ ਰਹਿੰਦਾ। ਆਪ ਨਾਮ ਸਿਮਰਨ ਦੇ ਪਕੇ ਵਿਸ਼ਵਾਸੀ ਸਨ ਅਤੇ ਇਸੇ ਲਗਨ ਵਿਚ ਮਸਤ ਰਹਿੰਦੇ ਸਨ। ਇਥੋਂ ਤਕ ਕਿ ਨਾਮ ਦਾ ਪਰਚਾਰ ਬੜੀ ਸਰਗਰਮੀ ਨਾਲ ਕਰਨ ਕਰਕੇ ਆਪ ਦਾ ਨਾਮ ਹੀ ਸਭ ਦੀ ਜ਼ਬਾਨ ਤੇ ਨਾਮਧਾਰੀ ਚੜ੍ਹ ਗਿਆ। ਨਾਮ ਦੇ ਰੰਗ ਵਿਚ ਰੰਗੇ ਹੋਏ ਆਪ ਦੀਵਾਨਿਆਂ ਵਾਂਗ ਹਾਲੋਂ ਬੇਹਾਲ ਹੋ ਜਾਂਦੇ ਸਨ। ਇਕਲੇ ਹੋਣ ਸਮੇਂ ਆਪ ਈਸ਼ਵਰ ਨਾਮ ਦੇ ਇੰਨੇ ਉਚੇ ਨਾਹਰੇ ਮਾਰਦੇ ਕਿ ਆਕਾਸ਼ ਗੂੰਜ ਉਠਦਾ ਅਤੇ ਸਾਰੇ ਵਾਯੂ ਮੰਡਲ ਵਿਚ ਆਪ ਦੀ ਵਲਵਲਾ ਭਰੀ ਆਵਾਜ਼ ਛਾ ਜਾਂਦੀ। ਅਜੀਬ ਰਮਣੀਕ ਕਿਸਮ ਦਾ ਮਾਹੌਲ ਬਣ ਜਾਂਦਾ। ਆਪ ਦੀ ਇਸ ਗੈਰ ਮਾਮੂਲੀ ਮਸਤੀ ਤੇ ਪ੍ਰਮਾਤਮਾ ਦੇ ਨਾਮ ਦੀ ਉਚੀ ਉਚੀ ਪਰਚਾਰ ਕਰਨ ਕਰਕੇ ਆਪ ਜੀ ਨੂੰ ਲੋਕ "ਕੂਕੇ" ਦੇ ਨਾਮ ਨਾਲ ਭੀ ਯਾਦ ਕਰਨ ਲਗ ਪਏ। ਕਿਸੇ ਨੇ ਸੱਚ ਕਿਹਾ ਹੈ ਕਿ ਪ੍ਰਮਾਤਮਾ ਦੇ ਨਾਮ ਦੀ ਮਹਿਮਾ ਵਾਂਗ ਪ੍ਰਮਾਤਮਾ ਦੇ ਭਗਤਾਂ ਦੇ ਨਾਮ ਦੀ ਮਹਿਮਾ ਭੀ ਅਪਾਰ (ਬੇਅੰਤ) ਹੈ। ਜਿਸ ਤਰ੍ਹਾਂ ਪ੍ਰਮਾਤਮਾ ਨੂੰ ਹਜ਼ਾਰਾਂ ਨਾਮਾਂ ਨਾਲ ਧਿਆਇਆ ਜਾਂਦਾ ਹੈ, ਇਸੇ ਤਰ੍ਹਾਂ ਪ੍ਰਮਾਤਮਾ ਦੇ ਭਗਤਾਂ ਨੂੰ ਭੀ ਲੋਕ ਕਈ ਨਾਵਾਂ ਨਾਲ ਯਾਦ ਕਰਦੇ ਹਨ। ਉਹ ਮਨੁੱਖ ਧਨ ਹਨ ਜਿਨ੍ਹਾਂ ਦੇ ਪ੍ਰਭੂ ਦੀ ਮਸਤੀ ਅਤੇ ਦੀਵਾਨਗੀ ਕਰਕੇ ਕਈ ਨਾਮ ਪੈ ਜਾਂਦੇ ਹਨ। ਥੋੜ੍ਹੇ ਸ਼ਬਦਾਂ ਵਿਚ ਕਹਿਣ ਦਾ ਸਾਡਾ ਮਤਲਬ ਇਹ ਹੈ ਕਿ ਗੁਰੂ ਰਾਮ ਸਿੰਘ ਜੀ ਦੀ ਈਸ਼ਵਰ ਭਗਤੀ ਇਕ ਖਾਸ ਹਾਲਤ ਤਕ ਪਹੁੰਚ ਗਈ ਸੀ, ਇਸੇ ਲਈ ਉਨ੍ਹਾਂ ਦੀ ਕਹਿਣੀ ਤੇ ਕਰਨੀ ਵਿਚ ਮਹਾਨ ਸ਼ਕਤੀ ਆ ਗਈ। ਆਪ ਜੀ ਦੀ ਬਾਣੀ ਅਤੇ (ਕਥਨ) ਉਪਦੇਸ਼ ਵਿਚ ਇੰਨੀ ਸ਼ਕਤੀ ਆ ਗਈ ਸੀ ਕਿ ਦੁਰਾਚਾਰੀ ਤੋਂ ਦੁਰਾਚਾਰੀ ਅਤੇ ਪਾਪੀ ਤੋਂ ਪਾਪੀ ਆਤਮਾ ਭੀ ਆਪ ਦੇ ਸੰਬੰਧ ਨਾਲ ਸ਼ੁਧ ਆਤਮਾ ਬਣ ਗਏ। ਆਪ ਦੀ ਬਾਣੀ ਜਿਸ ਦੇ ਕੰਨਾਂ ਵਿਚ ਭੀ ਪੈਂਦੀ, ਬੇਸ਼ਕ ਉਹ ਕਿੰਨਾ ਭੀ ਕਪਟੀ, ਪਾਪੀ ਤੇ ਦੁਰਾਚਾਰੀ, ਹੁੰਦਾ, ਆਪ ਜੀ ਦਾ ਸ਼ਰਧਾਲੂ ਬਣ ਕੇ ਸਿਧੇ ਰਸਤੇ ਆ ਜਾਂਦਾ। ਉਨ੍ਹਾਂ ਦੇ ਇਸ ਪ੍ਰਭਾਵ ਬਾਰੇ ਪੰਜਾਬ ਦੇ ਪ੍ਰਸਿਧ ਵਿਦਵਾਨ ਡਾ. ਨਾਰੰਗ ਸਿੰਘ ਐਮ. ਏ. ਪੀ. ਐਚ. ਡੀ. ਇਸ ਤਰ੍ਹਾਂ ਲਿਖਦੇ ਹਨ :-

"ਮੇਰੀ ਇਕ ਐਸੇ ਆਦਮੀ ਨਾਲ ਵਾਕਫੀਅਤ ਹੋਈ ਜਿਸ ਨੂੰ ਗੁਰੂ ਰਾਮ ਸਿੰਘ ਜੀ ਦੀ (ਦਰਸ਼ਨ) ਅਦਭੁਤ ਖਿਚ ਸ਼ਕਤੀ ਨੇ ਸਿਖ ਬਣਾਇਆ ਸੀ। ਉਹ ਮੇਰੀ ਦਾਦੀ ਦਾ ਛੋਟਾ ਭਰਾ ਸੀ। ਉਹ ਛੋਟੀ ਉਮਰ ਵਿਚ ਕਿਸੇ ਵੀ ਸਿਧਾਂਤ ਜਾਂ ਅਸੂਲ ਵਿਚ ਵਿਸ਼ਵਾਸ ਨਹੀਂ ਸੀ ਰਖਦਾ ਅਤੇ ਬਿਲਕੁਲ ਸਧਾਰਨ ਜ਼ਿੰਦਗੀ ਬਤੀਤ ਕਰਦਾ ਸੀ। ਹੁੱਕੇ ਦਾ ਇੰਨਾ ਸ਼ੌਕੀਨ ਸੀ, ਰੋਟੀ ਖਾਂਦੇ ਸਮੇਂ ਭੀ ਖਾਣੇ ਦੇ ਨਾਲ ਨਾਲ ਉਹ ਹੁਕਾ ਵੀ ਪੀਈ ਜਾਂਦਾ ਸੀ। ਅਚਾਨਕ ਉਸਦੀ ਗੁਰੂ ਰਾਮ ਸਿੰਘ ਜੀ ਨਾਲ ਭੇਂਟ ਹੋ ਗਈ। ਸਤਿਗੁਰੂ ਜੀ ਨੇ ਉਸਦੇ ਕੰਨ ਵਿਚ ਗੁਰਮੰਤਰ ਦੀ ਫੂਕ ਮਾਰੀ - ਉਸਦੇ ਜੀਵਨ ਵਿਚ ਇਕ ਤਬਦੀਲੀ ਆ ਗਈ। ਸਤਿਗੁਰੂ ਜੀ ਤੋਂ ਗੁਰਮੰਤਰ ਦਖਣਾ ਲੈਣ ਮਗਰੋਂ ਜਦੋਂ ਉਹ ਸਾਡੇ ਘਰ ਆਉਂਦਾ ਸੀ ਤਾਂ ਸਾਡੇ ਘਰ ਵਿਚ ਇਕ ਦੈਵੀ ਸ਼ਕਤੀ (ਦਵੈ ਸ਼ਕਤੀ) ਦੀ ਹੋਂਦ ਦਾ ਅਹਿਸਾਸ ਹੋਣ ਲਗ ਪੈਂਦਾ ਸੀ। ਉਹ ਤਪਸਵੀ ਮਨੁਖਾਂ ਵਾਂਗ ਜੀਵਨ ਬਤੀਤ ਕਰਨ ਲਗ ਪਿਆ ਸੀ। ਇਸ ਤੋਂ ਬਿਨਾਂ ਮੈਨੂੰ ਇਕ ਹੋਰ ਉਦਾਹਰਣ ਦਾ ਵੀ ਪਤਾ ਲਗਾ ਕਿ ਇਕ ਆਦਮੀ ਜਿਸ ਨੇ ਇਕ ਕਤਲ ਦਾ ਭੈੜਾ ਕੰਮ ਕੀਤਾ ਸੀ। ਪ੍ਰੰਤੂ ਕੋਈ ਸਬੂਤ ਤੇ ਸੂਹ ਨਾ ਮਿਲਣ ਕਰਕੇ ਉਹ ਕਤਲ ਦੀ ਸਜ਼ਾ ਤੋਂ ਬਚ ਗਿਆ ਸੀ। ਉਹ ਸਤਿਗੁਰੂ ਜੀ ਨੂੰ ਕਿਧਰੇ ਮਿਲਿਆ, ਉਨ੍ਹਾਂ ਨੇ ਉਸਦੇ ਕੰਨ ਵਿਚ ਗੁਰਮੰਤਰ ਦੀ ਫੂਕ ਮਾਰੀ। ਨਤੀਜਾ ਇਹ ਹੋਇਆ ਕਿ ਉਸ ਆਦਮੀ ਦੀ ਜ਼ਿੰਦਗੀ ਵਿਚ ਮਹਾਨ ਤਬਦੀਲੀ ਆ ਗਈ। ਬੇਸ਼ਕ ਉਸ ਪਾਸੋਂ ਕਤਲ ਦੀ ਘਟਨਾ ਕਾਫ਼ੀ ਦੇਰ ਪਹਿਲਾਂ ਹੋਈ ਸੀ ਪ੍ਰੰਤੂ ਹੁਣ ਸਤਿਗੁਰੂ ਜੀ ਦੀ ਦੀਖਸ਼ਾ (ਕਿਰਪਾ) ਨਾਲ ਮਨ ਇੰਨਾ ਸਾਫ਼ ਹੋ ਗਿਆ ਸੀ ਕਿ ਉਹ ਆਦਮੀ ਆਪਣੇ ਆਪ ਜੱਜ ਸਾਹਮਣੇ ਪੇਸ਼ ਹੋ ਗਿਆ ਅਤੇ ਉਸਨੇ ਆਪਣੇ ਜੁਰਮ ਮੰਨ ਲਿਆ।

ਉਪਰ ਦਸੀਆਂ ਦੋਨੋਂ ਉਦਾਹਰਣਾਂ ਤੋਂ ਗੁਰੂ ਮਹਾਰਾਜ ਜੀ ਦੀ ਬਾਣੀ ਦੀ ਸ਼ਕਤੀ ਦਾ ਕਿਡਾ ਵਡਾ ਸਬੂਤ ਮਿਲਦਾ ਹੈ। ਆਪ ਜੀ ਦੀ ਕਰਮ ਯੋਗਤਾ ਦੀ ਮਹਾਨਤਾ ਦਾ ਸਬੂਤ ਮਿਲਦਾ ਹੈ। ਭਾਈ ਪਰਮਾ ਨੰਦ ਐਮ. ਏ. ਐਮ. ਐਲ. ਏ. - ਵੀ ਲਿਖਦੇ ਹਨ :—

"ਬਾਬਾ ਰਾਮ ਸਿੰਘ ਜੀ ਸਿਖਾਂ ਨੂੰ ਨਵੇਂ ਸਿਰਿਓਂ ਜਾਗ੍ਰਿਤ ਕਰਨਾ ਚਾਹੁੰਦੇ ਸਨ। ਉਨ੍ਹਾਂ ਵਿਚ ਆਤਮਾ ਬਲ ਇੰਨਾ ਜ਼ਿਆਦਾ ਦਿਖਾਈ ਦਿੰਦਾ ਸੀ ਕਿ ਪੰਜਾਬ ਵਿਚ ਇਹ ਗਲ ਬੜੀ ਪ੍ਰਸਿਧ ਹੈ ਕਿ ਜੇ ਕੋਈ ਇਕ ਵਾਰੀ ਉਨ੍ਹਾਂ ਕੋਲ ਜਾ ਕੇ ਮੰਤਰ ਲੈ ਆਉਂਦਾ ਸੀ ਤਾਂ ਉਹ ਝਟ ਪਟ ਉਨ੍ਹਾਂ ਦਾ ਸਿਖ ਬਣ ਜਾਂਦਾ ਸੀ।"



Sri Satguru Jagjit Singh Ji eLibrary NamdhariElibrary@gmail.com

"ਇਕ ਅਦਭੁਤ (ਅਜੀਬ) ਘਟਨਾ ਦਸੀ ਜਾਂਦੀ ਹੈ ਕਿ ਇਕ ਵਾਰੀ ਦੋ ਬਦਮਾਸ਼...ਸਤਿਗੁਰੂ ਜੀ ਦੇ ਆਤਮ ਬਲ ਦੀ ਪ੍ਰੀਖਿਆ ਲੈਣ ਲਈ ਉਨ੍ਹ ਕੋਲ ਆ ਗਏ, ਆਪ ਜੀ ਦੇ ਦਰਸ਼ਨ ਕਰਨ ਨਾਲ ਹੀ ਉਨ੍ਹਾਂ ਦੋਨਾਂ ਬਦਮਾਸ਼ਾਂ ਦੇ ਮਨ ਦਾ ਕਪਟ ਜਾਂਦਾ ਰਿਹਾ ਤੇ ਆਪ ਜੀ ਦੇ ਦਸੇ ਗੁਰ ਮੰਤਰ ਦੇ ਪ੍ਰਭਾਵ ਨਾਲ ਉਹ ਆਪ ਜੀ ਦੇ ਸਿਖ ਬਣ ਗਏ।"

ਗੁਰੂ ਬਾਬਾ ਰਾਮ ਸਿੰਘ ਜੀ ਪੂਰਨ ਸੰਤ, ਸਚੇ ਕਰਮ ਜੋਗੀ ਅਤੇ ਪਰਮਾਤਮਾ ਹੋਣ ਤੋਂ ਉਪਰੰਤ ਆਪ ਸੁਤੰਤਰਤਾ ਦੇ ਵੀ ਵਡੇ ਪੁਜਾਰੀ ਸਨ। ਆਪ ਜੀ ਨੂੰ ਗੁਲਾਮਾਂ ਵਾਲੀ ਜ਼ਿਹਨੀਅਤ ਬਿਲਕੁਲ ਪਸੰਦ ਨਹੀਂ ਸੀ। ਆਪ ਜੀ ਵਾਸਤੇ ਧਾਰਮਿਕ ਕੰਮਾਂ ਨੂੰ ਸੁਤੰਤਰਤਾ ਨਾਲ ਕਰਨ ਲਈ ਦੇਸ਼ ਦੀ ਆਜ਼ਾਦੀ ਦੀ ਬਹੁਤ ਲੋੜ ਸੀ। ਲੇਕਨ ਆਪ ਜੀ ਦਾ ਵਿਸ਼ਵਾਸ ਸੀ ਕਿ ਧਾਰਮਿਕ ਜੀਵਨ ਬਤੀਤ ਕਰਨ ਅਤੇ ਸਵਛ ਸੁਧ ਦੇਸੀ ਚੀਜ਼ਾਂ ਵਰਤਣ ਅਤੇ ਵਿਦੇਸੀ ਚੀਜ਼ਾਂ ਦਾ ਬਾਈਕਾਟ ਕਰਨ ਵਿਚ ਦੇਸ਼ ਦੀ ਸੁਤੰਤਰਤਾ ਦਾ ਭੇਦ ਲੁਕਿਆ ਹੋਇਆ ਹੈ। ਇਸ ਲਈ ਆਪ ਜੀ ਨੇ ਦੇਸ਼ ਦੇ ਸਾਹਮਣੇ ਆਜ਼ਾਦੀ ਲੈਣ ਦਾ ਜੋ ਪ੍ਰੋਗਰਾਮ ਰਖਿਆ ਉਹ ਬਹੁਤ ਹੀ ਬੇਨਜ਼ੀਰ (ਲਾ-ਜਵਾਬ) ਅਤੇ ਮਾਨੁਖ ਨੂੰ ਉਚੇ ਆਚਰਣ ਵਾਲਾ ਬਨਾਉਣ ਵਾਲਾ ਸੀ। ਇਹੀ ਪ੍ਰੋਗਰਾਮ ਚਾਲੀ ਸਾਲ ਮਗਰੋਂ ਮਹਾਤਮਾ ਗਾਂਧੀ ਨੂੰ ਸੁਝਿਆ ਸੀ। ਗੁਰੂ ਮਹਾਰਾਜ ਦਾ ਪ੍ਰੋਗਰਾਮ ਇਸ ਤਰ੍ਹਾਂ ਸੀ:—

੧. ਸਰਕਾਰੀ ਨੌਕਰੀਆਂ ਦਾ ਬਾਈਕਾਟ।

੨. ਸਰਕਾਰੀ ਸਕੂਲਾਂ ਅਤੇ ਕਾਲਜ ਤੋਂ ਵਿਦਿਆ ਪ੍ਰਾਪਤ ਨਾ ਕਰਨੀ।

੩. ਕਚਿਹਰੀਆਂ ਦੇ ਦਰਵਾਜ਼ੇ ਨਾ ਖੜਕਾਉਣਾ।

੪. ਵਿਦੇਸ਼ੀ ਕਪੜੇ ਨਾ ਪਹਿਨਣਾ, ਘਰ ਦਾ ਸੁਧ ਪਵਿਤਰ ਖੱਦਰ ਪਾਉਣਾ।

੫. ਆਪਣੀ ਆਤਮਾ ਦੇ ਵਿਰੁਧ ਸਰਕਾਰੀ ਕਾਨੂੰਨ ਨੂੰ ਨਹੀਂ ਮੰਨਣਾ।

ਇਸ ਪ੍ਰੋਗਰਾਮ ਨੂੰ ਅਮਲ ਵਿਚ ਲਿਆਉਣ ਲਈ ਆਪ ਜੀ ਦਾ ਪ੍ਰਬੰਧ ਬਹੁਤ ਸੋਹਣਾ ਸੀ। ਸਿਖ ਧਰਮ ਪ੍ਰਚਾਰ ਦਾ ਕੰਮ ਵੀ ਹੁੰਦਾ ਸੀ ਆਪ ਨੇ ੨੨ ਥਾਵਾਂ ਤੇ ਆਪਣੇ ਪ੍ਰਤੀਨਿਧ ਥਾਪ ਰਖੇ ਸਨ। ਉਨ੍ਹਾਂ ਨੂੰ ਸੂਬਿਆਂ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਸੀ। ਇਸ ਤਰ੍ਹਾਂ ਆਪ ਦਾ ਮਿਸ਼ਨ ਨੇਕ ਨੀਤੀ, ਅਮਨ ਅਤੇ ਧਾਰਮਿਕ ਸੁਧਤਾ 'ਤੇ ਉਸਾਰਿਆ ਗਿਆ ਸੀ। ਲੇਕਿਨ ਉਸ ਵਕਤ ਸਰਕਾਰ ਆਮ ਸਮੇਂ ਨਾਲੋਂ ਜ਼ਿਆਦਾ



ਖੁਸ਼ੰਕੀ ਰਹਿੰਦੀ ਸੀ। ਕਿਉਂ ਕਿ ੧੮੫੭ ਦਾ ਗ਼ਿਆਨਕ ਗ਼ਦਰ ਹੁਣੇ ਹੀ ਖਤਮ ਹੋਇਆ ਸੀ - ਫਿਰ ਭੀ ਪੂਰਾ ਖਤਮ ਨਹੀਂ ਸੀ ਹੋਇਆ। ਕਿਤੇ ਕਿਤੇ ਅਜੇ ਭੀ ਇਸ ਦੀ ਅੱਗ ਸੁਲਘ ਰਹੀ ਸੀ। ਇਸ ਲਈ ਸਰਕਾਰ "ਦੁੱਧ ਦਾ ਜਲਿਆ ਲੱਸੀ ਨੂੰ ਫੂਕਾਂ ਮਾਰ ਕੇ ਪੀਂਦਾ ਹੈ" ਅਨੁਸਾਰ ਉਸ ਵੇਲੇ ਜਦੋਂ ਵੀ ਮੁਲਕ ਵਿਚ ਕੋਈ ਗੜ ਬੜ, ਪਰਚਾਰ ਜਾਂ ਅੰਦੋਲਨ ਦਾ ਕੰਮ ਹੋਵੇ, ਉਸ ਤੋਂ ਡਰਦੀ ਸੀ। ਉਸ ਨੂੰ ਛੇਤੀ ਦਬਾਉਣ ਦੀ ਕੋਸ਼ਿਸ਼ ਕਰਦੀ ਸੀ। ਇਨ੍ਹਾਂ ਹਾਲਤਾਂ ਦੇ ਸਾਹਮਣੇ ਗੁਰੂ ਰਾਮ ਸਿੰਘ ਜੀ ਦਾ ਉਪਰ ਲਿਖੇ ਪ੍ਰੋਗਰਾਮ ਨੂੰ ਅਮਲ ਵਿਚ ਲਿਆਉਣਾ ਸੌਖਾ ਨੂੰ ਸੌਖਾ ਜਿਹਾ ਨਹੀਂ ਸੀ। ਪ੍ਰੰਤੂ ਆਪ ਸਤਿਆ "ਸੱਤਿਅ" ਦੇ ਪੁਜਾਰੀ ਅਤੇ ਕਰਮਜੋਗੀ ਸਨ, ਇਸ ਲਈ ਆਪ ਕੰਮ ਕਰਨਾ ਜਾਣਦੇ ਸਨ ਅਤੇ ਸਜ਼ਾ ਦੀ ਪ੍ਰਵਾਹ ਨਹੀਂ ਕਰਦੇ ਸਨ। ਸਰਕਾਰ ਜ਼ਰੂਰ ਆਪ ਦੇ ਕੰਮਾਂ ਤੇ ਕੜੀ ਨਜ਼ਰ ਰਖਦੀ ਸੀ। ਉਨ੍ਹਾਂ ਦਿਨਾਂ ਵਿਚ ਇਕ ਵਾਰੀ ਆਪ ਵੀਹ ਹਜ਼ਾਰ ਸਿਖਾਂ ਨੂੰ ਨਾਲ ਲੈ ਕੇ ਦੀਵਾਲੀ ਦੇ ਮੇਲੇ ਤੇ ਅੰਮ੍ਰਿਤਸਰ ਪਧਾਰੇ, ਜਾਣੀ ਵਿੰਡ ਗੇਟ ਦੇ ਬਾਹਰ ਆਪ ਨੇ ਡੇਰੇ ਲਾ ਦਿਤੇ। ਉਥੋਂ ਮੁਸਾਫ਼ਿਰ ਆਦਿ ਲੈ ਕੇ ਆਪ ਦਰਬਾਰ ਸਾਹਿਬ ਹਾਜ਼ਰ ਹੋਏ। ਲੇਕਨ ਪੁਜਾਰੀਆਂ ਨੇ ਆਪ ਨਾਲ ਚੰਗਾ ਵਰਤਾਓ ਨਾ ਕੀਤਾ। ਫਿਰ ਵੀ ਆਪ ਜੀ ਨੇ ਜਿਸ ਧੀਰਜ ਅਤੇ ਗੰਭੀਰਤਾ ਨਾਲ ਉਸ ਵੇਲੇ ਮੌਕੇ ਨੂੰ ਸੰਭਾਲਿਆ ਉਸ ਤੋਂ ਆਪ ਦੀ ਮਹਾਨਤਾ ਅਤੇ ਸੱਚੀ ਕਰਮਸ਼ੀਲਤਾ ਪ੍ਰਗਟ ਹੁੰਦੀ ਹੈ।

ਇਸ ਤੋਂ ਬਿਨਾਂ ਹੋਰ ਵੀ ਕਈ ਘਟਨਾਵਾਂ ਦਸੀਆਂ ਜਾ ਸਕਦੀਆਂ ਹਨ ਜਿਨਾਂ ਤੋਂ ਪਤਾ ਲਗਦਾ ਹੈ ਕਿ ਆਪ ਜੀ ਦੀ ਬਾਣੀ ਵਿਚ ਕਿੰਨੀ ਸ਼ਕਤੀ ਸੀ। ਆਪ ਨੇ ਆਪਣੇ ਸਿਖਾਂ ਭਾਵ ਨਾਮਧਾਰੀਆਂ ਵਿਚ ਧਰਮ ਪ੍ਰਸਤੀ ਦੀ ਇੰਨੀਂ



Sri Satguru Jagjit Singh Ji eLibrary NamdhariElibrary@gmail.com

ਜ਼ਿਆਦਾ ਜ਼ੁਹ ਭਰ ਰਖੀ ਸੀ ਕਿ ਉਹ ਸ਼ਰਮ ਮਾਰਗ ਤੇ ਚਲਦੇ ਹੋਏ ਕਟ ਮਰਨੋਂ ਵੀ ਸੰਕੋਚ ਨਹੀਂ ਸਨ ਕਰਦੇ । ਆਪ ਤੇ ਆਪਦੇ ਸਿਖ ਵੀ ਬੜੇ ਗਊ ਭਗਤ ਸਨ । ੧੮੭੧-੭੨ ਵਿਚ ਅੰਮ੍ਰਿਤਸਰ ਵਿਚ ਇਹ ਅਫਵਾਹ ਉੱਡੀ (ਫੈਲੀ) ਕਿ ਸਰਕਾਰ ਨੇ ਦਰਬਾਰ ਸਾਹਿਬ ਦੇ ਸਾਹਮਣੇ ਗਊ ਬੱਧ ਕਰਨ ਲਈ ਬੁਚੜਖਾਨੇ ਖੋਲ੍ਹਣ ਦੀ ਮੰਨਜ਼ੂਰੀ ਦੇ ਦਿਤੀ ਹੈ । ਨਾਮਧਾਰੀ ਸਿਖਾਂ ਵਿਚ ਜੋਸ਼ ਦੀ ਅੱਗ ਭੜਕ ਗਈ । ਨਤੀਜਾ ਇਹ ਹੋਇਆ ਕਿ ਕੁਝ ਨਾਮਧਾਰੀ ਸਿਖ ਆਪਣੇ ਧਾਰਮਿਕ ਖਿਆਲਾਂ ਤੇ ਕਾਬੂ ਨਾ ਪਾ ਸਕੇ, ਕਾਹਲੀ ਕਾਹਲੀ ਗੁਸੇ ਵਿਚ ਰਾਤ ਦੇ ਸਮੇਂ ਅੰਮ੍ਰਿਤਸਰ ਦੇ ਬੁਚੜਖਾਨੇ ਤੇ ਹਮਲਾ ਕਰਕੇ ਕੁਝ ਬੁਚੜ ਕਤਲ ਕਰ ਦਿਤੇ । ਇਸ ਘਟਨਾ ਨਾਲ ਸਾਰੇ ਸ਼ਹਿਰ ਵਿਚ ਸੁੰਨ ਸਾਨ ਫੈਲ ਗਈ । ਪੁਲੀਸ ਨੇ ਬਹੁਤ ਸਾਰੇ ਮਸ਼ਹੂਰ ਹਿੰਦੂ ਅਤੇ ਬੇਗੁਨਾਹ ਆਦਮੀ ਫੜ ਲਏ, ਪਰ ਪੜਤਾਲ ਵਿਚ ਬੜੀ ਸਖਤੀ ਤੋਂ ਕੰਮ ਲਿਆ ਗਿਆ । ਰੋਵਤਾ ਸਰੂਪ ਭਾਈ ਪਰਮਾ ਨੰਦ ਜੀ ਲਿਖਦੇ ਹਨ:—

ਇਸ ਦੀ ਖਬਰ ਜਦੋਂ ਗੁਰੂ ਰਾਮ ਸਿੰਘ ਜੀ ਨੂੰ ਲਗੀ ਤਾਂ ਉਨ੍ਹਾਂ ਨੇ ਸਿਖਾਂ ਨੂੰ ਬੁਲਾਕੇ ਕਿਹਾ, ਕਿ ਕਤਲ ਤਾਂ ਤੁਸੀਂ ਕੀਤਾ ਹੈ ਪਰ ਫੜੇ ਗਏ ਹਨ ਕੋਈ ਵਿਚਾਰੇ ਬੇਗੁਨਾਹ, ਇਸ ਲਈ ਜਾਓ ਤੇ ਕਾਤਲ ਆਪਣੇ ਆਪ ਕਚਹਿਰੀ ਵਿਚ ਪੇਸ਼ ਹੋ ਜਾਓ ।" ਆਪ ਦੇ ਕਹਿਣ ਤੇ ਕਾਤਲ ਆਪਣੇ ਆਪ ਕਚਹਿਰੀ ਪੇਸ਼ ਹੋ ਗਏ ਅਤੇ ਆਪਣਾ ਜੁਰਮ ਮਨ ਲਿਆ । ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਹੋਈ । ਉਨ੍ਹਾਂ ਜੋਸ਼ੀਲੇ ਧੰਨ ਭਗਤਾਂ ਨੇ ਖਿੜੇ ਮੱਥੇ ਆਪਣੇ ਧਰਮ ਕਰਮ ਦੇ ਰਸਤੇ ਤੇ ਜਾਨ ਦੇ ਦਿਤੀ ।

ਉਪਰ ਲਿਖੀ ਘਟਨਾ ਦੀ ਸਾਰੀ ਜ਼ਿੰਮੇਂਵਾਰੀ ਕਈ ਸਰਕਾਰੀ ਪਿਠੂਆਂ ਨੇ ਗੁਰੂ ਜੀ ਤੇ ਸੁੱਟ ਕੇ ਸਰਕਾਰ ਨੂੰ ਗੁਰੂ ਮਹਾਰਾਜ ਜੀ ਦੇ ਨਾਮ ਇਹ ਹੁਕਮ ਭੇਜਣ ਦਾ ਮੌਕਾ ਦਿਤਾ ਕਿ ਆਪ ਸਰਕਾਰੀ ਹੁਕਮ ਤੋਂ ਬਿਨਾਂ ਭੈਣੀ ਸਾਹਿਬ ਤੋਂ ਬਾਹਰ ਪੈਰ ਨਹੀਂ ਰਖਣਾ । ਇਕ ਹੋਰ ਘਟਨਾ ਜਿਹੜੀ ਬਹੁਤ ਹੀ ਭਿਆਨਕ ਹੈ । ਇਸ ਵਿਚ ੫੦ ਨਾਮਧਾਰੀਆਂ ਨੂੰ ਤੋਪ ਦਾ ਨਿਸ਼ਾਨਾ ਬਣਾਇਆ ਗਿਆ । ੩੦ ਨੂੰ ਫਾਂਸੀ ਦੀ ਸਜ਼ਾ ਮਿਲੀ ਤੇ ਗੁਰੂ ਰਾਮ ਸਿੰਘ ਜੀ ਨੂੰ ਦੇਸ ਨਿਕਾਲਾ ਦਿਤਾ ਗਿਆ । ਇਹ ਘਟਨਾ ਥੋੜੇ ਸ਼ਬਦਾਂ ਵਿਚ ਇਸ ਤਰ੍ਹਾਂ ਲਿਖੀ ਜਾ ਸਕਦੀ ਹੈ ।

ਸੰਨ ੧੮੭੨ ਵਿਚ ਇਕ ਦਿਨ ਇਕ ਨਾਮਧਾਰੀ ਸਿੰਘ ਮਲੇਰ ਕੋਟਲੇ ਦੇ ਬਾਜ਼ਾਰ ਵਿਚੋਂ ਲੰਘ ਰਿਹਾ ਸੀ । ਉਸਨੇ ਵੇਖਿਆ ਕਿ ਇਕ ਗਡੀਵਾਲਾ ਗਡੀ ਉਪਰ ਬਹੁਤ ਸਾਰਾ ਭਾਰ ਲੱਦਕੇ ਬਲਦ ਨੂੰ ਬੁਰੀ ਤਰ੍ਹਾਂ ਮਾਰਦਾ ਹੋਇਆ ਲਿਜਾ ਰਿਹਾ ਸੀ । ਬਲਦ ਇਸ ਬੋਝ ਨੂੰ ਲਿਜਾਣ ਵਿਚ ਬਹੁਤ ਬੁਰੀ ਤਰ੍ਹਾਂ ਔਖਾ ਹੋ ਰਿਹਾ ਸੀ । ਇਸ ਲਈ ਥਾਂ ਥਾਂ ਤੇ ਰੁਕਦਾ ਸੀ । ਪ੍ਰੰਤੂ ਗਡੇ ਵਾਲੇ ਦੀ ਸੋਟੀ ਉਸਨੂੰ ਬੇਦਿਲ ਕਰ ਦਿੰਦੀ ਸੀ । ਨਾਮਧਾਰੀ ਸਿੰਘ ਇਹ ਭਿਆਨਕ ਦ੍ਰਿਸ਼ ਨੂੰ ਦੇਖ ਕੇ ਸਹਿ ਨਾ ਸਕਿਆ ਇਸ ਲਈ ਗਡੀ ਵਾਲੇ ਨੂੰ ਬਲਦ ਨੂੰ ਨਾ ਕੁਟਣ ਦੀ ਅਪੀਲ ਕੀਤੀ । ਲੇਕਿਨ ਗੱਡੀ ਵਾਲਾ ਭੈੜੀ ਤਰ੍ਹਾਂ ਪੇਸ਼ ਆਇਆ । ਉਸਨੇ ਸਿਖ ਨੂੰ ਉਲਟਾ ਜਵਾਬ ਦਿਤਾ । ਨਤੀਜਾ ਇਹ ਹੋਇਆ ਕਿ ਦੋਨਾਂ ਵਿਚਕਾਰ ਝਗੜਾ ਹੋ ਗਿਆ । ਪੁਲੀਸ ਨੇ ਦੋਨਾਂ ਦਾ ਚਲਾਨ ਕਰ ਦਿਤਾ । ਕੋਤਵਾਲੀ ਦਾ ਕੋਤਵਾਲ ਵੀ ਭੈੜੀ ਆਦਤ (ਬੁਰੇ ਸੁਭਾਅ) ਵਾਲਾ ਸਿਧ ਹੋਇਆ । ਉਸਨੇ ਇਸ ਝਗੜੇ ਦੀ ਇਹ ਸਜ਼ਾ ਦਿਤੀ ਕਿ ਬਲਦ ਨੂੰ ਉਸ ਸਿਖ ਦੇ ਸਾਹਮਣੇ ਜ਼ਿਬਾ (ਕਤਲ) ਕੀਤਾ ਜਾਵੇ—ਜੋ ਇਵੇਂ ਹੀ ਕੀਤਾ ਗਿਆ । ਇਸ ਦਿਲ ਲੂਹਣ ਵਾਲੀ ਘਟਨਾ ਨੂੰ ਦੇਖ ਕੇ ਉਹ ਨਾਮਧਾਰੀ ਰੋਂਦਾ ਪਿਟਦਾ ਭੈਣੀ ਸਾਹਿਬ ਵਲ ਨੂੰ ਚਲ ਪਿਆ । ਉਸਦੇ ਪਹੁੰਚਣ ਤੋਂ ਪਹਿਲਾਂ ਹੀ ਉਥੇ ਇਸ ਘਟਨਾ ਦੀ ਖਬਰ ਗੁਰੂ ਸਾਹਿਬ ਨੂੰ ਮਿਲ ਚੁਕੀ ਸੀ । ਉਨ੍ਹਾਂ ਨੇ ਸਾਰੇ ਸਿਖਾਂ ਨੂੰ ਇਕੱਠੇ ਕਰਕੇ ਸ਼ਾਂਤਮਈ ਰਹਿਣ ਦੀ ਪ੍ਰੇਰਨਾ ਦਿਤੀ । ਦਰਬਾਰ ਹੋ ਰਿਹਾ ਸੀ ਕਿ ਉਹ ਸਿਖ ਰੋਂਦਾ ਪਿਟਦਾ ਦਰਬਾਰ ਵਿਚ ਪਹੁੰਚਿਆ । ਫਿਰ ਕੀ ਸੀ ਕਿ ਸਿਖਾਂ ਵਿਚ ਐਸਾ ਜੋਸ਼ ਫੈਲਿਆ ਕਿ ਗੁਰੂ ਸਾਹਿਬ ਵੀ ਇਸ ਤੇ ਕਾਬੂ ਨਾ ਪਾ ਸਕੇ ਅੰਤ ਵਿਚ ਗੁਰੂ ਸਾਹਿਬ ਨੇ ਮਲੇਰ ਕੋਟਲੇ ਦੀ ਪੁਲਸ ਨੂੰ ਖਬਰ ਦਿਤੀ ਕਿ ਸਿੰਘ ਬਹੁਤ ਜੋਸ਼ ਵਿਚ ਆ ਗਏ ਹਨ ਇਸ ਲਈ ਤੁਸੀਂ ਹੁਸ਼ਿਆਰ ਰਹੋ । ਸਿਖਾਂ ਨੇ ਮਲੇਰ ਕੋਟਲੇ ਪੁਲੀਸ ਥਾਣੇ ਤੇ ਹਮਲਾ ਕੀਤਾ । ਪੁਲਸ ਤੇ ਸਿਖਾਂ ਵਿਚਕਾਰ ਬਹੁਤ ਮਾਰ ਵਢ ਹੋਈ । ਕਿਸੇ ਤਰ੍ਹਾਂ ਬਾਗੀ ਨਾਮਧਾਰੀ ਘੇਰੇ ਵਿਚ ਆ ਗਏ । ਉਸ ਦਿਨ ਡਿਪਟੀ ਕਮਿਸ਼ਨਰ ਸਾਹਿਬ ਲੁਧਿਆਣਾ ਨੇ ੮੦ ਹੋਰ ਨਾਮਧਾਰੀਆਂ ਨੂੰ ਗ੍ਰਿਫਤਾਰ ਕਰ ਲਿਆ । ੫੦ ਨੂੰ ਤਾਂ ਉਸੇ ਵੇਲੇ ਤੋਪਾਂ ਨਾਲ ਉਡਾ ਦਿਤਾ ਗਿਆ ਤੇ ੩੦ ਨੂੰ ਬਾਅਦ ਵਿਚ ਫਾਂਸੀ ਲਟਕਾ ਦਿਤਾ ਗਿਆ ।

ਉਪਰ ਲਿਖੀ ਖੂਨੀ ਘਟਨਾ ਦੇ ਥੋੜੇ ਹੀ ਦਿਨਾਂ ਬਾਅਦ ਸਤਿਗੁਰੂ ਜੀ ਨੂੰ ਵੀ ੨੨ ਸੂਬਿਆਂ ਸਮੇਤ ਗ੍ਰਿਫਤਾਰ ਕਰਕੇ ਤੇ ਸਭ ਨੂੰ ਅਲਗ ਅਲਗ ਹਿੰਦੁਸਤਾਨ ਤੋਂ ਦੇਸ ਨਿਕਾਲਾ ਦੇ ਕੇ ਵਖ ਵਖ ਥਾਵਾਂ ਤੇ ਭੇਜ ਦਿਤਾ । ਇਨਾਂ ਸਾਰੇ ਦੁਖਾਂ ਤੇ



Sri Satguru Jagjit Singh Ji eLibrary NamdhariElibrary@gmail.com

ਸਖ਼ਤੀਆਂ ਦੇ ਸਾਹਮਣੇ ਗੁਰੂ ਮਹਾਰਾਜ ਬੜੇ ਨਿਸ਼ਚਿੰਤ ਸਨ ਅਤੇ ਪੂਰੀ ਤਰ੍ਹਾਂ ਸ਼ਾਂਤ ਰਹੇ। ਇਸ ਤੋਂ ਬਾਅਦ ਘੋਰ ਦਮਨ ਚੱਕਰ ਚੱਲਿਆ ਤੇ ੫੦ ਸਾਲ ਤਕ ਭੈਣੀ ਸਾਹਿਬ ਤੇ ਪੁਲੀਸ ਦਾ ਪਹਿਰਾ ਰਿਹਾ।

ਗੁਰੂ ਮਹਾਰਾਜ ਦੇਸ਼ ਨਿਕਾਲੇ ਤੋਂ ਅਜ ਤਕ ਵਾਪਸ ਨਹੀਂ ਆਏ। ਈਸ਼ਵਰ ਜਾਣੇ ਕਿ ਉਹ ਸਰੀਰਕ ਤੌਰ ਤੇ ਇਸ ਜਹਾਨ ਵਿਚ ਹਨ ਜਾਂ ਨਹੀਂ? ਪ੍ਰੰਤੂ ਆਪ ਜੀ ਦਾ ਨਾਮ ਅਮਰ ਹੋ ਚੁਕਿਆ ਹੈ ਅਤੇ ਜਦੋਂ ਤਕ ਸੂਰਜ ਜ਼ਮੀਨ ਤੇ ਆਕਾਸ਼ ਰਹਿਣਗੇ, ਆਪ ਜੀ ਦਾ ਨਾਮ ਅਮਰ ਰਹੇਗਾ। ★

---

**ਨੋਟ :** ਇਹ ਲੇਖ ਲੰਡਨ ਵਿਚਲੇ ਸਾਡੇ ਮਿੱਤਰ ਸ: ਸੁਰਜੀਤ ਸਿੰਘ ਜੀਤ ਦੇ ਸਹਿਯੋਗ ਅਤੇ ਧੰਨਵਾਦ ਨਾਲ ਛਾਪਿਆ ਹੈ। ਇਸ ਮਹੱਤਵ ਪੂਰਨ ਲੇਖ ਬਾਰੇ ਉਹਨਾਂ ਦੀ ਆਪਣੀ ਟਿੱਪਣੀ ਇੰਜ ਹੈ।

"...ਇਹ ਲੇਖ ਲਾਹੌਰ ਤੋਂ ਛਪਦੇ "ਓਮ" ਰਸਾਲੇ ਦੇ ਫ਼ਰਵਰੀ ਅੰਕ ਵਿਚੋਂ ਲਿਆ ਗਿਆ ਹੈ। ਇਸ ਦਾ ਅਨੁਵਾਦ ਮੇਰੇ ਉਸਤਾਦ ਸ: ਸੁਰਜੀਤ ਸਿੰਘ ਬਾਵੀ ਜੀ ਨੇ ਕੀਤਾ ਹੈ। ਇਹ ਲੇਖ ਕਿਸੇ ਗੈਰ ਨਾਮਧਾਰੀ ਵਲੋਂ ਇਸ ਸਦੀ ਦੇ ਪਹਿਲੇ ਅੱਧ ਵਿਚ ਲਿਖਿਆ ਹੋਣ ਕਰਕੇ ਕਾਫੀ ਮਹੱਤਤਾ ਰਖਦਾ ਹੈ।

ਲੇਖਕ ਨੇ ਇਸ ਲੇਖ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖਸੀਅਤ ਦਰਸਾਉਣ ਤੇ ਕਾਫੀ ਜ਼ੋਰ ਦਿਤਾ ਹੈ ਪ੍ਰੰਤੂ ਕੁਝ ਕੁਝ ਇਤਿਹਾਸਕ ਤੱਥਾਂ ਦਾ ਫਰਕ ਹੈ। ਅੰਮ੍ਰਿਤਸਰ ਦੀ ਘਟਨਾ ੧੮੭੧ ਅਗਸਤ-ਸਤੰਬਰ ਦੀ ਹੈ ਸੂਚਨਾਮਾਤਰ ਹੈ ਕਿ ਦਰਬਾਰ ਸਾਹਿਬ ਦੇ ਨੇੜੇ ਬੁੱਚੜ ਘਰ ਚੌਂਕ ਵਿਚ ਖੁਲ੍ਹ ਚੁਕਿਆ ਸੀ ਜਿਥੋਂ ਜਾਨਵਰ ਮਾਸ ਦੀਆਂ ਬੋਟੀਆਂ ਦਰਬਾਰ ਸਾਹਿਬ ਦੇ ਘੇਰੇ ਵਿਚ ਸੁੱਟ ਕੇ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਭੰਗ ਕਰਦੇ ਸਨ, ਉਸ ਬੁਚੜਖਾਨੇ ਨੂੰ ਬੰਦ ਕਰਵਾਉਣ ਦੇ ਸਾਰੇ ਯਤਨ ਫੇਲ੍ਹ ਹੋਣ ਤੋਂ ਬਾਅਦ ਸਿੰਘਾਂ ਨੇ ਬੁਚੜਾਂ ਨੂੰ ਸੋਧਿਆ ਅਤੇ ਚਾਰ ਸਰੀਰਾਂ ਨੂੰ ਰਾਮ ਬਾਗ ਨੇੜੇ ਬੋਹੜ ਨਾਲ ਲਟਕਾ ਕੇ ਫਾਂਸੀ ਦਿਤਾ ਗਿਆ।

ਮਲੇਰ ਕੋਟਲੇ ਦੀ ਘਟਨਾ ੧੮੭੨ ਦੀ ਹੈ। ਜਿਸ ਘਟਨਾ ਵਿਚ ਭਾਰ ਬਲਦ ਉਪਰ ਲੱਦਿਆ ਹੋਇਆ ਸੀ ਨਾ ਕਿ ਗਊ ਉਪਰ। ਬਲਦ ਦਾ ਅਸਲ ਮਾਲਕ ਭਾਰ ਦੇ ਨਾਲ ਆਪ ਵੀ ਬਲਦ ਉਪਰ ਬੈਠਾ ਹੋਇਆ ਸੀ। ਜਿਸ ਤੋਂ ਝਗੜਾ ਸ਼ੁਰੂ ਹੋਇਆ ੬੬ ਨਾਮਧਾਰੀ ੧੭ ਜਨਵਰੀ ਨੂੰ ਲੁਧਿਆਣਾ ਡੀ. ਸੀ. ਮਿਸਟਰ ਕਾਵਨ ਦੇ ਆਰਡਰ ਨਾਲ ਤੋਪਾਂ ਸਾਹਮਣੇ ਖੜੇ ਕਰਕੇ ਉਡਾਏ ਗਏ ਸਨ। ਇਕ ਸਿਖ ਨੂੰ ਤਲਵਾਰ ਨਾਲ ਕਤਲ ਕੀਤਾ ਗਿਆ ਸੀ ਜਿਸ ਨੇ ਕਾਵਨ ਦੀ ਦਾੜ੍ਹੀ ਨੂੰ ਹੱਥ ਪਾ ਲਿਆ ਸੀ। ੧੬ ਨਾਮਧਾਰੀ ਦੂਸਰੇ ਦਿਨ ੧੮ ਜਨਵਰੀ ਨੂੰ ਕਮਿਸ਼ਨਰ ਫਾਰਸਾਈਥ ਦੇ ਹੁਕਮ ਨਾਲ ਤੋਪਾਂ ਨਾਲ ਉਡਾਏ ਗਏ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਲੁਧਿਆਣਾ ਪੁਲਸ ਨੂੰ ਸੂਚਿਤ ਕੀਤਾ ਸੀ ਨਾ ਕਿ ਮਲੇਰਕੋਟਲੇ ਦੀ ਪੁਲੀਸ ਨੂੰ। ਮਲੌਧ ਦੇ ਸਰਦਾਰ ਨੇ ਹਥਿਆਰ ਦੇਣ ਦਾ ਵਾਅਦਾ ਕੀਤਾ ਸੀ। ਪ੍ਰੰਤੂ ਮੁਕਰਨ ਤੇ ਸਿਖਾਂ ਜਬਰਦਸਤੀ ਹਥਿਆਰ ਪ੍ਰਾਪਤ ਕਰਕੇ ਮਲੇਰਕੋਟਲੇ ਕਿਲੇ ਤੋਂ ਹਥਿਆਰ ਲੈਣ ਲਈ ਹਮਲਾ ਕੀਤਾ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ੧੮ ਜਨਵਰੀ ਨੂੰ ਬਿਨਾਂ ਕੇਸ ਚਲਾਇਆਂ ਜਲਾਵਤਨ ਕਰ ਦਿਤਾ ਗਿਆ ਸੀ।

ਇਹ ਲੇਖ ਲੰਡਨ ਦੇ ਮਾਸਕ ਪੱਤਰ ਚਰਚਾ ਵਿਚ ਵੀ ਛਪ ਚੁਕਾ ਹੈ।"

—ਜਗਦੀਸ਼ ਸਿੰਘ








Sri Satguru Jagjit Singh Ji eLibrary NamdhariElibrary@gmail.com

WITH

BEST COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**



Sri Satguru Jagjit Singh Ji eLibrary NamdhariElibrary@gmail.com

# ਆਜ਼ਾਦੀ ਦੇ ਪਰਵਾਨੇ
# ਸ੍ਰੀ ਸਤਿਗੁਰੂ ਰਾਮ ਸਿੰਘ ਜੀ

—ਮਾਸਟਰ ਨਿਹਾਲ ਸਿੰਘ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਿਸ਼ਵ-ਸ਼ਾਂਤੀ, ਵਿਸ਼ਵ-ਭਾਈਚਾਰਾ, ਵਿਸ਼ਵ-ਭਲਾਈ ਤੇ ਸਾਂਝੀਵਾਲਤਾ ਦੇ ਮਹਾਨ ਚਾਹਵਾਨ ਸਨ। ਉਨ੍ਹਾਂ ਦਾ ਜਨਮ ਬਸੰਤ ਪੰਚਮੀ ੧੮੭੨ ਬਿ: ਅਥਵਾ ੧੮੧੬ ਫਰਵਰੀ ਪਿੰਡ ਰਾਈਆਂ ਜ਼ਿਲਾ ਲੁਧਿਆਣਾ ਵਿਚ ਹੋਇਆ। ਆਪਦਾ ਨੂਰਾਨੀ ਮੁਖੜਾ, ਮੋਤੀਆਂ ਵਰਗੇ ਮੋਟੇ ਨੈਣ, ਲੰਮੀਆਂ ਗੋਡਿਆਂ ਤਕ ਬਾਹੀਂ ਸਭ ਨੂੰ ਆਕਰਸ਼ਤ ਕਰ ਲੈਂਦੇ ਸਨ। ਉਨ੍ਹਾਂ ਦੀ ਰਸਨਾ ਵਿਚ ਅਪਾਰ ਸ਼ਕਤੀ ਸੀ। ਜਦ ਅੰਗਰੇਜ਼ ਨੇ ੧੮੪੯ ਵਿਚ ਕੂਟਲ ਨੀਤੀ ਨਾਲ ਪੰਜਾਬ ਨੂੰ ਹੜਪ ਕੀਤਾ ਤਾਂ, ਸਾਰੇ ਭਾਰਤ ਤੇ ਕਾਲੀ ਬੋਲੀ ਰਾਤ ਛਾ ਗਈ। ਪਰ ਖੁਸ਼ੀ ਦਾ ਮੁਕਾਮ ਹੈ ਕਿ ਉਸ ਭਿਆਨਕ ਤੂਫ਼ਾਨ ਸਮੇਂ ਸੁਤੰਤਰਤਾ ਦੀ ਸਵੇਰ ਦੇ ਪਹੁ ਫੁਟਾਲ ਨੂੰ ਰਾਈਆਂ ਦੇ ਨਿੱਕੇ ਜਿਹੇ ਬੇਮਲੂਮ ਪਿੰਡ ਵਿਚ ਚੜ੍ਹੇ ਸੂਰਜ ਦੀਆਂ ਨਿੱਘੀਆਂ ਕਿਰਨਾਂ ਪਸਾਰਨ ਅਰੰਭਿਆ।

ਫ਼ਰੰਗੀ ਸਾਸ਼ਕਾਂ ਦੇਸ਼ ਵਿਚ ਪੈਰ ਪਾਉਂਦਿਆਂ ਹੀ ਇਥੋਂ ਦੇ ਕਾਰੀਗਰਾਂ ਨੂੰ ਨਕਾਰਾ ਬਣਾ ਦਿਤਾ। ਭਾਰਤੀ ਸਭਿਅਤਾ ਦਾ ਕੀਰਤਨ ਸੋਹਿਲਾ ਪੜ੍ਹ ਪਛਮੀਅਤ ਦਾ ਕੁਲੱਤੋਂਰਾਮ ਗੁੰਧਾ, ਬੇਹੋਸ਼ ਕਰਨਾ ਆਰੰਭ ਦਿਤਾ। ਦੇਸ਼ ਨੂੰ ਆਰਥਿਕ ਤੌਰ ਤੇ ਨਿਰਧਨ ਬਣਾ, ਇਸ ਸੋਨੇ ਦੀ ਚਿੜੀ ਦੇ ਖੰਭ ਕੱਟ ਸੁਟੇ। ਇਸ ਦੇ ਸਾਸ ਨੂੰ ਲੰਮੇ ਸਮੇਂ ਤਕ ਨੱਪਣ ਤੇ ਕੈਦ ਵਿਚ ਬੰਦ ਰਖਣ ਦੀਆਂ ਘਾਤਾਂ ਘੜ ਲਈਆਂ, ਪਰ ਸਤਿਗੁਰੂ ਜੀ ਉਸਦਾ ਚੋਗਿਆ ਵਿਸਰਦਾ ਫੋਲ ਕਰਨ ਵਾਸਤੇ ਸੰਘਰਸ਼ ਦਾ ਬਿਗਲ ਵਜਾ ਦਿਤਾ।



ਲੇਖਕ

ਉਨ੍ਹਾਂ ਸਭ ਤੋਂ ਪਹਿਲਾਂ ਸ੍ਰੀ ਭੈਣੀ ਸਾਹਿਬ ਦੀ ਧਰਤੀ ਤੇ ੧੮੫੭ ਦੀ ਵਸਾਖੀ ਵਾਲੇ ਦਿਨ ਚਿੱਟਾ ਝੰਡਾ ਖੜਾ ਕਰ ਸਭ ਦੇਸ਼ਾਂ ਨੂੰ ਮਾਰੂ ਹਥਿਆਰ ਸਮੁੰਦਰ ਵਿਚ ਸੁੱਟਣ ਦਾ ਸੰਦੇਸ਼ ਦਿਤਾ। ਇਸਦੇ ਨਾਲ ਹੀ ਦੇਸ਼ ਨੂੰ ਸੁਤੰਤਰਤਾ ਪ੍ਰਾਪਤੀ ਹਿਤ ਨਵਾਂ ਤੇ ਅਨੋਖਾ ਸ਼ਸਤਰ, ਨਾਮਿਲਵਰਤਨ ਦਾ ਪਕੜਾਇਆ। ਉਹਨਾਂ ਐਲਾਨ ਕੀਤਾ ਕਿ ਫਰੰਗਾਨਵੀ ਸਰਕਾਰ ਵਲੋਂ ਚਾਲੂ ਕੀਤੇ ਸਕੂਲ, ਕਾਲਿਜਾਂ ਵਿਚ ਬੱਚਿਆਂ ਨੂੰ ਨਾ ਭੇਜਿਆ ਜਾਵੇ। ਕਚਹਿਰੀਆਂ, ਡਾਕ ਤਾਰ ਆਦਿ ਦਾ ਪੂਰਨ ਰੂਪ ਵਿਚ ਬਾਈਕਾਟ ਕੀਤਾ ਜਾਵੇ। ਵਲੈਤ ਦੇ ਬਣੇ ਮਾਲ ਨੂੰ ਉੱਕਾ ਹੀ ਨਾ ਵਰਤਿਆ ਜਾਵੇ। ਪੰਜਾਬ ਨੂੰ ੨੨ ਜ਼ਿਲਿਆਂ ਵਿਚ ਵੰਡ ਸੂਬਿਆਂ ਦੀ ਪੜ੍ਹਾਈ ਦਾ ਪਰਨਾਲੀ ਪ੍ਰਬੰਧ ਕੀਤਾ। ਝਗੜੇ ਨਿਬੇੜਨ ਖ਼ਾਤਰ ਸੂਬੇ ਨੀਯਤ ਕੀਤੇ। ਲੋੜਵੰਦਾਂ ਲਈ ਲੰਗਰ ਚਾਲੂ ਕੀਤਾ। ਨਿਪਾਲ, ਰੂਸ ਆਦਿ ਦੇਸ਼ਾਂ ਨਾਲ ਸਬੰਧ ਕਾਇਮ ਕਰ ਲਏ। ਇਕ ਕੂਕਾ ਪਲਟਣ ਕਸ਼ਮੀਰ ਵਿਚ ਖੜੀ



Sri Satguru Jagjit Singh Ji eLibrary NamdhariElibrary@gmail.com

ਕਰਨ ਦੀ ਯੋਜਨਾ ਬਣਾ ਲਈ। ਇਸ ਲਹਿਰ ਬਾਰੇ ਡਾਕਟਰ ਫੌਜਾ ਸਿੰਘ ਦੇ ਸ਼ਬਦ ਪੜ੍ਹਨ ਯੋਗ ਹਨ।

"ਪੰਜਾਬ ਵਿਚ ਬਰਤਾਨਵੀ ਸਾਮਰਾਜ ਵਿਰੁਧ ਸਭ ਤੋਂ ਪਹਿਲਾਂ ਆਵਾਜ਼ ਉਠਾਣ ਵਾਲੇ ਨਾਮਧਾਰੀ ਸਨ, ਜਿਨ੍ਹਾਂ ਨੇ ਆਪਣੇ ਰਹਿਬਰ ਗੁਰੂ ਰਾਮ ਸਿੰਘ ਦੀ ਅਗਵਾਈ ਵਿਚ ਜਿਥੇ ਸਮਾਜ ਵਿਚੋਂ ਸਮਾਜਿਕ ਤੇ ਧਾਰਮਿਕ ਬੁਰਾਈਆਂ ਕੱਢਣ ਲਈ ਯਤਨ ਕੀਤੇ, ਉਥੇ ਨਾਲ ਹੀ ਪਰਦੇਸੀ ਸ਼ਾਸਕਾਂ ਦੀ ਕੜੀ ਅਲੋਚਨਾ ਵੀ ਕੀਤੀ ਤੇ ਜਨਤਾ ਵਿਚ ਉਹਨਾਂ ਦੀ ਵਿਰੋਧਤਾ ਦਾ ਸਾਹਸ ਭਰਿਆ।"

ਆਮ ਪ੍ਰਸਿੱਧ ਹੈ ਕਮਾਈ ਨਾਲੋਂ ਸੰਭਾਲੀ ਭਲੀ। ਜਿਵੇਂ ਸਤਿਗੁਰੂ ਜੀ ਅਨੁਭਵ ਕੀਤਾ ਕਿ ਆਜ਼ਾਦੀ ਦੀ ਪ੍ਰਾਪਤੀ ਨਾਲੋਂ, ਉਸਨੂੰ ਹਾਸਲ ਕਰਕੇ ਉਸਨੂੰ ਕਾਇਮ ਰੱਖਣ ਲਈ ਅਧਿਕ ਜਤਨ ਤੇ ਸੂਝਬੂਝ ਦੀ ਲੋੜ ਹੈ ਉਹਨਾਂ ਸੰਗ ਆਜ਼ਾਦੀ ਦੇ ਨਾਲ ਨਾਲ ਰਾਜ ਪ੍ਰਬੰਧ ਚਲਾਣ ਵਾਲੇ ਸ਼ਾਸਕ ਵੀ ਤਿਆਰ ਕਰਨੇ ਸ਼ੁਰੂ ਕਰ ਦਿਤੇ। ਉਹ ਚਾਹੁੰਦੇ ਸਨ ਕਿ ਰਾਜ ਪ੍ਰਬੰਧ ਉਨ੍ਹਾਂ ਲੋਕਾਂ ਹੱਥ ਹੋਵੇ ਜਿਹੜੇ ਦੁਧ ਦਾ ਦੁਧ ਤੇ ਪਾਣੀ ਦਾ ਪਾਣੀ ਨਿਖੇੜ ਸਕਣ। ਜਿਨ੍ਹਾਂ ਦੀ ਆਤਮਾ ਬਲਵਾਨ ਹੋਵੇ; ਜਿਨ੍ਹਾਂ ਦਾ ਮਨ ਨਿਰਮਲ ਹੋਵੇ, ਜਿਹੜੇ ਰਹਿਣੀ, ਬਹਿਣੀ, ਕਹਿਣੀ ਤੇ ਕਰਨੀ ਦੇ ਪੂਰੇ ਹੋਣ। ਉਹ ਆਦਰਸ਼ ਨਾਗਰਿਕ ਹੋਣ। ਇਸੇ ਵਾਸਤੇ ਉਹਨਾਂ ਜੀਵਨ-ਉਸਾਰੀ ਵਾਸਤੇ ਰਾਜਸੀ ਜਦੋ-ਜਹਿਦ ਦੇ ਨਾਲ ਨਾਲ ਗੁਰੂ ਸਾਹਿਬਾਨ ਦੇ ਫੁਰਮਾਏ ਮਾਰਗ ਤੇ ਚਲਣ ਤੇ ਜ਼ੋਰ ਦਿਤਾ। ਇਸ ਸਿਖਨ ਪ੍ਰਤੀ ਹਿਤ ਉਨ੍ਹਾਂ ਇਕ ਫੁਰਮਾਨ ਜਾਰੀ ਕੀਤਾ।

"ਪਿਛਲੀ ਰਾਤੀਂ ਉਠਣਾ...ਦਾਤਨ ਕਰਨੀ...ਇਸ਼ਨਾਨ ਕਰਨਾ...ਮੂੰਹ ਬਾਣੀ ਪੜ੍ਹਨੀ...ਜੇ ਕੰਠ ਨਾ ਹੋਵੇ ਤਾਂ ਕੰਠ ਕਰ ਲੈਣੀ ਸ਼ਬਦ ਮਾਣੀ ਚੋਣੀ ਹੈ...ਸੀਲ ਸੰਤੋਖ ਸਭ ਨੇ ਰੱਖਣਾ...ਭਜਨ ਅਤੇ ਪਹਿਰ ਕਰਨਾ, ਗੁਰੂ ਸੱਚੇ ਦਾ...ਪਰਾਈ ਧੀ ਭੈਣ ਆਪਣੀ ਜਾਨਣੀ...ਪਰਾਇਆ ਹੱਕ ਗੁਰੂ ਜੀ ਨੇ ਅਤੇ ਸ਼ਿਖ ਰਖਿਆ ਹੈ—ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ...ਹੋਰ ਕਿਸੇ ਨੂੰ ਮੰਦਾ ਫਿਕਾ ਨਹੀਂ ਬੋਲਣਾ...ਖਿਮਾ ਕਰਨੀ...ਬੋਲ ਕਬੋਲ ਸਹਿ ਜਾਣਾ...ਆਪਣੀ ਭਲਾਈ ਫੁਰਾਉਣ ਦੀ ਕਰਨੀ...ਹੋਰ ਜੀ ਕਿਸੇ ਨੇ ਧੀ ਭੈਣ ਦਾ ਪੈਸਾ ਨਹੀਂ ਲੈਣਾ, ਵੱਟਾ ਨਹੀਂ ਕਰਨਾ...ਸਦਾ ਗੁਰੂ ਗੁਰੂ ਜਪਦੇ ਰਹਿਣਾ...ਦਾਰੂ ਮਾਸ ਨਹੀਂ ਖਾਣਾ...ਖੰਡ ਰਖਣਾ ਗੁਰੂ ਦਾ ਹਰ ਦਮ।"

ਇਹ ਸ਼ਬਦ ਜਿਨ੍ਹਾਂ ਦੀ ਬੰਨੀ ਪਏ ਉਨ੍ਹਾਂ ਦਾ ਜੀਵਨ ਬਦਲ ਗਿਆ। ਨਾਮੀ ਚੋਰ, ਡਾਕੂ, ਬਦਮਾਸ਼ ਹੋਰ ਦੇ ਹੋਰ ਹੋ ਗਏ। ਰਾਏਪੁਰ ਦਾ ਸ: ਦਰਬਾਰਾ ਸਿੰਘ ਘਰ ਦੀ ਸ਼ਰਾਬ ਕਢਕੇ ਪੀਂਦਾ ਸੀ ਜਿਸਦੀ ਲਾਹਣ ਵਿਚ ਪੰਜ ਸੌ ਚਿੜੇ, ਇਕ ਸੌ ਸਹਣਾ, ਪੰਜ ਖਚਰੇ ਪੀਂਦੇ ਸਨ। ਪੱਕਾ ਅਮਲੀ ਸੀ, ਪਰ ਜਦ ਗੁਰਮੰਤਰ ਲੈ ਲਿਆ ਤਾਂ ਸਭ ਕੁਝ ਛੱਡਛੱਡ ਕੌਮ ਦੀ ਸੇਵਾ ਵਿਚ ਜੁਟ ਪਿਆ। ਖਤਰਾਂ ਪਿੰਡ ਦੇ ਪ੍ਰਤਾਪ ਸਿੰਘ, ਖੁਸ਼ਹਾਲ ਸਿੰਘ ਨਾਮੀ ਬਦਮਾਸ਼ ਸਨ। ਆਮ ਮੇਲਿਆਂ ਜਾਂ ਇਕੱਠਾਂ ਵਿਚ ਖੱਲ੍ਹ ਪਾਣਾ ਤੇ ਦੰਗਾ ਕਰਨਾ ਉਨ੍ਹਾਂ ਦਾ ਸ਼ੁਗਲ ਸੀ। ਅੱਖ ਦੇ ਫੋਰ ਝਲਕਾਰਾ ਵਰਗ ਨਾਲ ਜੇਤੋਂ ਆਜ਼ਾਦੀ ਦੇ ਮੁਹਤਲ ਸੈਨਿਕਾਂ ਵਿਚ ਆ ਸ਼ਾਮਲ ਹੋਏ। ਚੋਰ ਚੋਰੀ ਦੀਆਂ ਚੁਰਾਈਆਂ ਸਭੀਆਂ ਚੀਜ਼ਾਂ ਗੁਰੂ ਜੀ ਦਾ ਬਚਨ ਮੰਨ ਅਸਲ ਮਾਲਿਕਾਂ ਨੂੰ ਵਾਪਸ ਕਰ, ਉਨ੍ਹਾਂ ਪਾਸੋਂ ਖਿਮਾ ਮੰਗ, ਕੌਮੀ ਫੌਜ ਵਿਚ ਭਰਤੀ ਹੋ ਗਏ। ਸਾਧਾਰਨ ਪੇਂਡੂ ਜੱਟ ਪਸ਼ੂਆਂ ਨੂੰ ਘਰੋਂ ਬਾਹਰ ਖੇਤਾਂ ਵਲ ਚਰਨ ਸਮੇਂ ਗਏ ਵੱਛਿਆਂ ਦੇ ਮੂੰਹ ਛਿੱਕਲੇ ਲੈ ਜਾਣ ਲੱਗੇ ਤਾਕਿ ਬਗਾਨੇ ਖੇਤ ਦਾ ਉਹ ਪੱਠਾ ਨਾ ਖਾ ਲੈਣ। ਮਾਈਆਂ ਬੀਬੀਆਂ ਬਗਾਨੀ ਪੂਣੀ ਦਾ ਲਗਾਣਾ ਸਤੂੰ ਦਾ ਧਾਗਾ ਲਿਆਕੇ ਵੀ ਨਹੀਂ ਚਾੜ੍ਹਦੀਆਂ ਸਨ। ਉੱਚੇ ਤੇ ਸੁੱਚੇ ਚਰਿੱਤਰ ਦੀ ਜਿਹੜੀ ਮਿਸਾਲ ਗੁਰੂ ਰਾਮ ਸਿੰਘ ਜੀ ਆਪ ਪੇਸ਼ ਕੀਤੀ, ਉਹ ਅਕਾਸ਼ ਵਿਚ ਸਦਾ ਚਾਨਣ ਮੁਨਾਰੇ ਵਾਂਗੂ ਲਸ਼ਕਾਰੇ ਮਾਰਦੀ ਰਹੇਗੀ। ਉਹ ਐਸੀ ਉਦਾਹਰਨ ਹੈ ਜਿਸਦੀ ਬਰਾਬਰੀ ਸਾਰੇ ਸੰਸਾਰ ਦੇ ਇਤਿਹਾਸ ਵਿਚ ਨਹੀਂ ਮਿਲਦੀ ਹੈ।

ਸ੍ਰੀ ਅੰਮ੍ਰਿਤਸਰ ਦੇ ਬੁਚੜ ਕਤਲਾਂ ਵਿਚ ਬੀਹਲਾ ਸਿੰਘ, ਹਾਕਮ ਸਿੰਘ, ਫਤਹ ਸਿੰਘ, ਲਹਿਣਾ ਸਿੰਘ ਆਦਿ ਦਾ ਹੱਥ ਸੀ। ਇਹ ਸਿੰਘ ਸ੍ਰੀ ਭੈਣੀ ਸਾਹਿਬ ਦੇ ਦਰਸ਼ਨਾਂ ਨੂੰ ਗਏ। ਪਾਤਸ਼ਾਹ ਉਨ੍ਹਾਂ ਨੂੰ ਗਲੇ ਨਹੀਂ ਲਾਇਆ। ਸਗੋਂ ਕਿਹਾ, ਪੁਤਰੋ! ਜੇ ਧੀਮਿਆ ਜੇ ਤਾਂ ਖਾਉ ਵੀ ਤੁਸੀਂ। ਜਾਕੇ ਨਿਰਦੋਸ਼ਾਂ ਨੂੰ ਛੁਡਾਓ। ਸਿੰਘ ਉਸੇ ਸਮੇਂ ਬਿਨਾਂ ਉਜਰ ਮੱਥਾ ਟੇਕ ਵਾਪਸ ਮੁੜੇ। ਸੈਸ਼ਨ ਦੀ ਕਚਹਿਰੀ ਵਿਚ ਪੇਸ਼ ਹੋਏ। ਆਪਣੇ ਜੁਰਮ ਨੂੰ ਕਬੂਲ ਕੀਤਾ। ੧੩ ਨਿਰਦੋਸ਼ਾਂ, ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਜਾ ਚੁਕੀ ਸੀ, ਛੁਡਾ ਕਰਾ ਹੱਸ ਹੱਸ ਫਾਂਸੀਆਂ ਤੇ ਚੜ੍ਹੇ। ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਸਤਿਗੁਰਾਂ ਦੇ ਉਪਦੇਸ਼ ਦਾ ਆਮ ਤੇ ਪਏ ਪ੍ਰਭਾਵ ਨੂੰ ਇਉਂ ਅੰਕਿਤ ਕੀਤਾ ਹੈ :—

ਚੂਕੇ ਚੁਗਲਾਏ ਤਸਕਰਾਏ ਭੇਸ ਮੋਹਿਓ ਜੋ



Sri Satguru Jagjit Singh Ji eLibrary NamdhariElibrary@gmail.com

ਸੁਦਾ ਛਕ ਪੀਏ ਸਿੰਘ, ਭਾਰ ਜਿਨੇ ਜਾਗਿਓ
ਫੈਲਓ ਜਸ ਭਾਰੀ, ਸਿਖ ਥੀਏ ਤਾਹਿ ਕੇ ਅਪਾਰੀ
ਸਿਖ ਪੰਥ ਬਿਰਧਾਨੋ, ਨਾਮ ਰਸ ਪਾਗਿਓ
ਭੰਗ, ਭੰਗ, ਪੋਸਤ, ਸ਼ਰਾਬ, ਮਾਸ ਚੋਰੀ ਜਾਰੀ
ਠਗੀ ਤਜ ਥੀਏ ਸੰਤ, ਸਤਿਜੁਗ ਆਗਿਓ ।

ਉਸ ਸਮੇਂ ਤੋਂ ਪ੍ਰਾਪਤ ਹੋਏ ਕਲਮ ਦੇ ਧਨੀ ਸ: ਪ੍ਰਮਵੰਤ ਸਿੰਘ ਜੀ ਦੇ ਲਿਖੇ ਇਹ ਸ਼ਬਦ ਪੜ੍ਹਨ ਯੋਗ ਹਨ, "ਨਾਮਧਾਰੀ ਲੋਕ ਗੁਰੂਆਂ ਦੀ ਸਿਖਿਆ ਤੇ ਚਲਦੇ ਹਨ। ਇਨ੍ਹਾਂ ਦੇ ਗੁਰਦੁਆਰੇ ਮੰਦਰਾਂ ਤੋਂ ਉਪਰ ਹਨ। ਇਹ ਲੋਕ ਆਤਮ-ਸੰਜਮੀ ਹਨ, ਸਵਾਏ ਚਿਟੇ ਖੱਦਰ ਦੇ ਕਪੜਿਆਂ ਤੇ ਮਾਲਾ ਦੇ ਕੋਈ ਗਹਿਣਾ ਗਟਾ ਨਹੀਂ ਪਾਂਦੇ। ਇਨ੍ਹਾਂ ਦੇ ਵਿਆਹ ਦੀ ਵਾਜਿਆਂ ਗਾਜਿਆਂ ਵਾਲੀਆਂ ਛਾਤਾਂ ਤੇ ਕੁਰਾਵਾਂ ਤੋਂ ਮੁਕਤ ਹਨ।" ਪੰਜਾਬ ਵਿਚ ਦੇਸ਼ ਆਜ਼ਾਦੀ ਵਾਸਤੇ ਇਤਨਾ ਉਤਸ਼ਾਹ ਸੀ ਕਿ ਬੱਚੇ ਬੱਚੇ ਦੀ ਜ਼ਬਾਨ ਸੀ:—
"ਚਲ ਨੀ ਫਰੰਗੀਆ ਡੇਰਾ ਤੂੰ ਕਰ ਲਿਆ ਰਾਜ ਬਥੇਰਾ।"

ਇਸ ਲਹਿਰ ਦੀ ਚੜ੍ਹਦੀ ਕਲਾ ਵੇਖ ਮਿ: ਟੇਲਰ ਨੇ ਇਕ ਚਿੱਠੀ ਸਰਕਾਰ ਹਿੰਦ ਨੂੰ ਲਿਖੀ ਕਿ "ਮੇਰਾ ਵਿਸ਼ਵਾਸ ਹੈ ਕਿ ਇਹ ਫੱਕਰ (ਕੂਕੇ) ਸਰਕਾਰ ਨਾਲ ਟੱਕਰ ਲੈਣਗੇ। ਇਸੇ ਤਰ੍ਹਾਂ ਮਿ: ਜੇ.ਡਬਲੀਊ. ਮੈਕਨਾਬ, ਕਮਿਸ਼ਨਰ ਅੰਬਾਲਾ, ਨੇ ੪/੬/੭੧ ਨੂੰ ਇਕ ਚਿੱਠੀ ਭੇਜੀ ਕਿ (ਸਤਿਗੁਰ) ਰਾਮ ਸਿੰਘ ਨੂੰ ਪਹਿਲਾਂ ਸੰਤ ਸਰੂਪ ਗੁਰੂ ਨਾਨਕ ਦਾ ਰੂਪ ਸਮਝਿਆ ਜਾਂਦਾ ਸੀ, ਪਰ ਹੁਣ ਉਹ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਸਮਝਿਆ ਜਾਣ ਲਗ ਪਿਆ ਹੈ। ਉਹ ਖਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਹੈਸੀਅਤ ਵਿਚ, ਬਰਤਾਨਵੀ ਸਰਕਾਰ ਦਾ ਵੈਰੀ ਹੈ।" ਇਹਨਾਂ ਰਿਪੋਰਟਾਂ ਗਵਰਨਮੈਂਟ ਦੇ ਪੈਰ ਥਿੜਕਾ ਦਿਤੇ ਤੇ ਉਹ ਇਸ ਪੰਥ ਨੂੰ ਕੁਚਲਣ ਵਾਸਤੇ ਮੌਕਿਆਂ ਦੀ ਤਲਾਸ਼ ਕਰਨ ਲਗੀ।

ਭਾਰਤ ਵਿਚ ਗਊ ਨੂੰ ਮਹਾਨਤਾ ਹੈ। ਅੰਗਰੇਜ਼ੀ ਸਰਕਾਰ ਇਨ੍ਹਾਂ ਵਿਚਾਰਾਂ ਤੋਂ ਲਾਭ ਉਠਾਇਆ। ਹਿੰਦੂ ਮੁਸਲਮਾਨਾਂ ਅੰਦਰ ਫੁਟ ਪਾਣ ਦੇ ਢੰਗ ਕਢ ਲਏ। ਪੰਜਾਬ ਵਿਚ ਗਊ ਕੁਸੀ ਦੀ ਖੁਲ੍ਹ ਕਰ ਦਿਤੀ। ਬੁਚੜਖਾਨੇ ਧਰਮ ਸਥਾਨਾਂ ਦੇ ਲਾਗੇ ਖੁਲ੍ਹ ਗਏ। ਅਣਖੀਲੇ ਕੂਕੇ ਹਰਮੰਦਰ ਸਾਹਿਬ ਦੀ ਬੇਹੁਰਮਤੀ ਸਹਿ ਨਾ ਸਕੇ। ਉਨ੍ਹਾਂ ਗਊਆਂ ਆਜ਼ਾਦ ਕਰਾਉਣ ਖਾਤਰ ਬੁਚੜਖਾਨਿਆਂ ਤੇ ਹਲਾ ਕੀਤਾ। ਹਕੂਮਤ ਨੂੰ ਮੌਕਾ ਮਿਲ ਗਿਆ। ਉਹਨਾਂ ਵੱਖ ਵੱਖ ਥੇਸਾਂ ਵਿਚ ੯ ਸਿੰਘਾਂ ਨੂੰ ਫਾਂਸੀਆਂ ਤੇ ਲਟਕਾਇਆ। ੬੫ ਸਿੰਘਾਂ



ਨੂੰ ਤੋਪਾਂ ਨਾਲ ਉਡਾਇਆ ਇਕ ਸ਼ਾਗਿਰਦ ਸਾਲੇ ਬੱਚੇ ਨੂੰ ਤਲਵਾਰ ਨਾਲ ਟੋਟੇ ਟੋਟੇ ਕਰ ਸੁਟਿਆ। ਕਈ ਸਿੰਘਾਂ ਨੂੰ ਕਾਲੇ ਪਾਣੀ ਭੇਜਿਆ। ਕਈਆਂ ਨੂੰ ਰਾਹ ਵਿਚ ਹੀ ਸਮੁੰਦਰ ਵਿਚ ਹੀ ਡੋਬ ਮਾਰਿਆ। ਸਤਿਗੁਰਾਂ ਨੂੰ ੧੧ ਸੂਬਿਆਂ ਸਮੇਤ ਜਲਾਵਤਨ ਕਰ ਦਿਤਾ। ਡੇਰੇ ਦਾ ਕੀਮਤੀ ਸਾਮਾਨ ਸਰਕਾਰੀ ਖਜ਼ਾਨੇ ਪਾਇਆ। ਸ੍ਰੀ ਭੈਣੀ ਸਾਹਿਬ ਦੇ ਗੁਰਦੁਆਰੇ ਦੇ ਬੂਹੇ ਅਗੇ ਪੁਲਿਸ ਚੌਕੀ ਬਿਠਾ ਦਿਤੀ, ਜਿਹੜੀ ੫੦ ਸਾਲ ਤਕ ਰਹੀ। ਕੂਕਾ ਪੰਥ ਗੈਰਕਾਨੂੰਨੀ ਜਮਾਤ ਕਰਾਰ ਦਿਤਾ ਗਿਆ।

ਸਤਿਗੁਰਾਂ ਨੂੰ ਰੰਗੂਨ ਵਿਚ ਬਹਾਦਰਸ਼ਾਹ ਵਾਲੇ ਬੰਗਲੇ ਵਿਚ ਨਜ਼ਰਬੰਦ ਕਰ ਦਿਤਾ। ਸਿੰਘ ਉਥੇ ਵੀ ਰੂਸ ਤੋਂ ਚਿੱਠੀਆਂ ਲਿਆਕੇ ਮਿਲਦੇ ਰਹੇ। ਮਗਰ ਉਨ੍ਹਾਂ ਨੂੰ ਮਰਗੋਈ ਟਾਪੂ ਵਿਚ ਨਜ਼ਰਬੰਦ ਕੀਤਾ। ਉਥੋਂ ਸਤਿਗੁਰੂ ਜੀ ਮੌਜ ਨਾਲ ਨਵੰਬਰ ੧੮੮੫ ਬਾਹਰ ਚਲੇ ਗਏ। ਪਰ ਹਕੂਮਤ ਨੇ ਐਲਾਨ ਕਰ ਦਿਤਾ ਕਿ ਉਹ ਸੁਰਗਵਾਸ ਹੋ ਗਏ ਹਨ।

ਸਤਿਗੁਰਾਂ ਦੇ ਦਰਸਾਏ ਨਾਮਿਲਵਰਤਨ ਦੇ ਰਾਹ ਨੂੰ ਮਹਾਤਮਾ ਗਾਂਧੀ ਇਸ ਸਦੀ ਦੇ ਦੂਜੇ ਦਹਾਕਿਆਂ ਵਿਚ ਅਪਨਾਇਆ ਤੇ ਆਜ਼ਾਦੀ ਦੀ ਲੜਾਈ ਲੜੀ। ਇਹ ਮਰਜੀਵੜਿਆਂ ਦਾ ਕਾਫਲਾ ਕੌਮੀ ਪ੍ਰਵਾਨਿਆਂ ਨਾਲ ਮੋਢੇ ਨਾਲ ਮੋਢਾ ਜੋੜ ੯੦ ਸਾਲ ਤਕ ਲੜਦਾ ਰਿਹਾ ਤੇ ਦੇਸ਼ ੧੯੪੭ ਵਿਚ ਆਜ਼ਾਦ ਹੋਇਆ।

ਅੱਜ ਉਨ੍ਹਾਂ ਦਾ ਅਨੁਯਾਈ ਅਗਾਂਹ ਵਧੂ ਸ਼ਕਤੀਆਂ ਨਾਲ ਕਦਮ ਨਾਲ ਕਦਮ ਮਿਲਾਕੇ ਦੇਸ਼ ਦੀ ਏਕਤਾ, ਅਖੰਡਤਾ, ਅਮਨ ਤੇ ਖੁਸ਼ਹਾਲੀ ਵਾਸਤੇ ਜੁਟਿਆ ਜਾ ਰਿਹਾ ਹੈ ਤਾਕਿ ਦੇਸ਼ ਅੰਦਰ ਰਾਮ ਰਾਜ ਕਾਇਮ ਹੋਵੇ ਤੇ ਲੋਕ ਸੁਖੀ ਵਸਣ! ★



Sri Satguru Jagjit Singh Ji eLibrary NamdhariElibrary@gmail.com

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers



CONCETE MIXER 7/5

Phones : Office : 579033
Factory : 501973
Resi. : 536093

# BALWANT SINGH & SONS

Office : 4E/11 JHANDEWALA EXTN.
NEW DELHI-110055

Factory : A 2/3, MAYA PURI, PHASE II
Opp. C-70 NEW DELHI-110064




Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Phones : Office : 2528411
" : 2510345
Resi. : 213054

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.

Registered No. NW/JL—253 MONTHLY WARIAM Feb-March 1977
Registered with the registerar of News Papers for India No 26453/75

# 'POONAM'

**PROUDLY PRODUCES**

**LIP-SMACKING**
**EPOCH-MAKING**
**MOUTH-WATERING**

**Delightful Delectable Delicious**

# BISCUITS

ALREADY INTRODUCED:

**Glucose, Roshni, Twinkle, Orange**
**Pineapple, Elaichi Cream Biscuits**

**Fully geared to release Shortly Saly Quality Biscu its**

## POONAM BISCUITS PVT. LTD.

**E-23 M.I. D. C. Ind. Area**
**Chikalhana, Aurangabad-431210**

Telephone : 8707
Telegram : POONAM

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼ ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
Monthly WARIAM, Ladowali Road, Jalandhar—144001

Sri Satguru Jagjit Singh Ji eLibrary NamdhariElibrary@gmail.com